ਚੇਤਨਾ ਪ੍ਰਕਾਸ਼ਨ
ਪੰਜਾਬੀ ਭਵਨ, ਲੁਧਿਆਣਾ

# ਜਦੋਂ ਜਾਗੋ ਉਦੋਂ ਸਵੇਰਾ

ਐੱਚ. ਐੱਸ. ਰੰਧਾਵਾ



ਬਹੁ-ਦਿਸ਼ਾਵੀ, ਬਹੁ-ਪਰਤੀ ਤੇ ਬਹੁ-ਕਲਾਤਮਕ ਵਿਧਾ ਨਾਟਕ ਦੀ ਸੰਪੂਰਨਤਾ ਦਾ ਕਰਮ ਕਠਿਨ ਤਪੱਸਿਆ ਵਰਗਾ ਹੈ। ਇਹ ਹਾਰੀ ਸਾਰੀ ਦਾ ਕੰਮ ਨਹੀਂ। ਸ਼ਬਦਿਕ ਚਿੱਤਰ ਨੂੰ ਜੀਵੰਤ ਮੰਚੀ ਰੂਪ ਦੇਣਾ ਸਾਧਨਾ ਦੀ ਮੰਗ ਕਰਦਾ ਹੈ, ਇਸ ਸਾਧਨਾ ਦੇ ਸਾਧਕ ਹੀਰਾ ਸਿੰਘ ਰੰਧਾਵਾ ਨੂੰ ਮੈਂ ਮਿਲਦਾ ਵੀ ਰਿਹਾ ਹਾਂ, ਨਿਸ਼ਠਾ ਨਾਲ ਕੰਮ ਕਰਦੇ ਵੀ ਤੱਕਿਆ ਹੈ ਤੇ ਉਸ ਦੇ ਨਿਰਦੇਸ਼ਿਤ ਨਾਟਕਾਂ ਦੀਆਂ ਪ੍ਰਦਰਸ਼ਨੀਆਂ ਵੀ। ਉਹ ਸਿਰੜੀ ਨਾਟਕ ਲੇਖਕ ਵੀ ਹੈ ਤੇ ਨਿਰਦੇਸ਼ਕ ਵੀ। ਸਹੀ, ਸਿਹਤਮੰਦ, ਸਾਰਥਿਕ ਸੋਚ ਵਾਲਾ ਉਤਸ਼ਾਹੀ ਨੌਜਵਾਨ ਤੇ ਹਮੇਸ਼ਾ ਨਵਾਂ ਸਿੱਖਣ ਦੀ ਸਿਕ ਰੱਖਣ ਵਾਲਾ ਰੰਗਕਰਮੀ ਰੰਧਾਵਾ ਸੰਭਾਵਨਾਵਾਂ ਭਰਪੂਰ ਕਲਾਕਾਰ ਹੈ।

-ਰਵਿੰਦਰ ਭੱਠਲ

ਹੱਥਲੀ ਕਿਤਾਬ ਰੰਧਾਵੇ ਦੇ ਇਕ ਸਫ਼ਲ ਨਾਟਕਕਾਰ ਹੋਣ ਦੀ ਗਵਾਹੀ ਭਰਦੀ ਹੈ। ਇਸ ਕਿਤਾਬ ਵਿਚਾਲੇ ਸਾਰੇ ਨਾਟਕ ਬਹੁਤ ਵਾਰ ਪੰਜਾਬ ਅਤੇ ਪੰਜਾਬ ਤੋਂ ਬਾਹਰ ਸਫ਼ਲਤਾ ਨਾਲ ਖੇਡੇ ਗਏ। ਜਿਥੇ "ਨੀਮ-ਹਕੀਮ" ਨਾਟਕ ਵਿਚ ਹਾਸ ਵਿਅੰਗ ਨਾਲ ਸਮਾਜਿਕ ਤਾਣੇ-ਬਾਣੇ 'ਤੇ ਚੋਟ ਹੈ ਉਥੇ ਨਾਟਕ 'ਆਪਣਾ ਦਿਨ' ਮਜ਼ਦੂਰ, ਕਿਰਤੀਆਂ, ਕਾਮਿਆਂ ਨੂੰ ਸਮਰਪਿਤ ਹੈ। ਇਹ ਨਾਟਕ ਦੁੱਬੇ ਕੁਚਲੇ ਲੋਕਾਂ ਦੀ ਗੱਲ ਕਰਕੇ ਉਨ੍ਹਾਂ ਨੂੰ ਸੰਘਰਸ਼ ਵੱਲ ਪ੍ਰੇਰਦਾ ਹੈ ਅਤੇ ਸਮਾਜਿਕ ਪਹਿਰੇਦਾਰੀ ਦੀ ਗੱਲ ਕਰਦਾ ਹੈ ਨਾਟਕ "ਜਦੋਂ ਜਾਗੋ ਉਦੋਂ ਸਵੇਰਾ" ਵਿਚ ਕਈ ਸਮਾਜਿਕ ਬੁਰਾਈਆਂ ਨੂੰ ਛੋਹਿਆ ਗਿਆ ਹੈ।

-ਕੇਵਲ ਧਾਲੀਵਾਲ

ਜਦੋਂ ਜਾਗੋ ਉਦੋਂ ਸਵੇਰਾ
ਐੱਚ. ਐੱਸ. ਰੰਧਾਵਾ

ਜਦੋਂ ਜਾਗੋ ਉਦੋਂ ਸਵੇਰਾ

***JADON JAGO UDON SAVERA***

*Plays by :*

**H. S. RANDHAWA©**

(Hira S. Randhawa)

171-Janata Enclave, Urban Estate, Dugri-Dhandra Road,
Ludhiana, Punjab, India.

***Email : hirarandhawa@yahoo.ca***

**In Canada:**

133-Kortright Road West
Guelph,On. N1G 3N9
Phone: 1-416-319-0551, Fax: 1-905-497-9222

*Published by* :

**Chetna Parkashan**

Punjabi Bhawan Ludhiana
Ph. 91-161-2413613

***Email: chetnaparkashan@sify.com***

*ਕਾਪੀ ਰਾਈਟ* : *ਲੇਖਕ*

*ਪਹਿਲੀ ਵਾਰ* : 2004

*ਪ੍ਰਕਾਸ਼ਕ* : ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ, ਲੁਧਿਆਣਾ।
ਫ਼ੋਨ 2413613

*ਛਾਪਕ* : ਆਰ. ਕੇ. ਆਫ਼ਸੈੱਟ, ਦਿੱਲੀ।

*ਮੁੱਲ* : *100 ਰੁਪਏ*
*60 ਰੁਪਏ (ਪੇਪਰ ਬੈਕ)*

ਮੇਰੀ ਜ਼ਿੰਦਗੀ ਦੇ
ਨਾਟਕ ਦੀ ਨਾਇਕਾ ਪਤਨੀ ਬਲਜੀਤ
ਅਤੇ ਬੇਟੀ ਰਾਬੀਆ ਸਮੇਤ
ਆਰਟ ਥੀਏਟਰ ਲੁਧਿਆਣਾ
ਦੇ ਸਮੂਹ ਕਲਾਕਾਰਾਂ ਦੇ ਨਾਂ

# ਆਦਿ ਕਥਨ

ਦੋ ਦਹਾਕਿਆਂ ਤੋਂ ਵੱਧ ਸਮੇਂ ਦੇ ਰੰਗ ਮੰਚ ਸਫ਼ਰ ਵਿਚ ਬਹੁਤ ਸਾਰੇ ਕੌੜੇ ਮਿੱਠੇ ਤਜ਼ਰਬੇ ਹਾਸਲ ਹੋਏ। ਰੰਗ ਮੰਚ ਦੇ ਬਹੁਤ ਸਾਰੇ ਰੂਪਾਂ ਤੇ ਹੱਥ ਅਜ਼ਮਾਈ ਕੀਤੀ। ਭਾਵੇਂ ਉਹ ਪਿੰਡ ਦੀ ਰਾਮ ਲੀਲਾ ਸੀ, ਭਾਅਜੀ ਗੁਰਸ਼ਰਨ ਸਿੰਘ ਦਾ ਪੇਂਡੂ ਥੜ੍ਹਿਆਂ ਦਾ ਰੰਗ ਮੰਚ, ਇਤਿਹਾਸਕ ਰੰਗ ਮੰਚ, ਨੁਕੱੜ-ਰੰਗਮੰਚ, ਬਾਲ-ਰੰਗਮੰਚ, ਅਪੇਰਾ-ਰੰਗਮੰਚ, ਕਾਵਿ-ਨਾਟਕ, ਯੂਨੀਵਰਸਿਟੀਆਂ ਦੇ ਯੁਵਕ ਮੇਲਿਆਂ ਦਾ ਰੰਗਮੰਚ, ਸਾਖ਼ਰਤਾ ਸੰਮਤੀਆਂ ਦਾ ਰੰਗਮੰਚ, ਜਾਂ ਤਰਕਸ਼ੀਲਾਂ ਅਤੇ ਕਾਮਰੇਡਾਂ ਲਈ ਕੀਤਾ ਜਾਂਦਾ ਰੰਗਮੰਚ ਆਦਿ। ਪੂਰੇ ਹਿੰਦੁਸਤਾਨ ਤੇ ਫਿਰ ਵਿਦੇਸ਼ਾਂ ਵਿਚ ਵੀ ਪੇਸ਼ਕਾਰੀਆਂ ਕੀਤੀਆਂ। ਇਨ੍ਹਾਂ ਸਰਗਰਮੀਆਂ ਦੇ ਨਾਲ ਨਾਲ ਨਾਟਕ ਲੇਖਣ ਪ੍ਰਕਿਰਿਆ ਤੇ ਵੀ ਹੱਥ ਅਜ਼ਮਾਈ ਕੀਤੀ। ਭਾਵੇਂ ਮੇਰੇ ਹੋਰ ਬਹੁਤ ਸਾਰੇ ਨਾਟਕ ਸੰਪਾਦਿਤ ਪੁਸਤਕਾਂ ਵਿਚ ਛਪੇ ਪਰ ਕਿਤਾਬੀ ਰੂਪ ਵਿਚ ਨਾਟਕ-ਸੰਗ੍ਰਹਿ ਪਹਿਲੀ ਵਾਰ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਸੰਗ੍ਰਹਿ ਵਿਚਲੇ ਸਾਰੇ ਨਾਟਕ ਮੰਚਤ ਕੀਤੇ ਹੋਏ ਹਨ। ਨਾਟਕ 'ਨੀਮ ਹਕੀਮ' ਨਾਟਕ ਕਲਾ ਵਿੱਚ ਪ੍ਰਚੱਲਿਤ ਹਾਸ ਵਿਅੰਗ ਦੇ ਨਾਲ ਨਾਲ ਕਟਾਕਸ਼ ਕਰਨ ਦੀ ਵਿਧਾ ਤੋਂ ਪ੍ਰਭਾਵਿਤ ਹੋ ਕੇ ਲਿਖਿਆ ਗਿਆ ਹੈ। ਇਸੇ ਤਰ੍ਹਾਂ ਬਾਕੀ ਨਾਟਕਾਂ ਵਿਚ 'ਜਦੋਂ ਜਾਗੋ ਉਦੋਂ ਸਵੇਰਾ', 'ਅਪਣਾ ਦਿਨ' ਅਤੇ 'ਪੁਕਾਰ' ਸਮਾਜ ਦੇ ਵੱਖ ਵੱਖ ਵਰਗਾਂ ਦੀਆਂ ਸਮੱਸਿਆਵਾਂ ਨੂੰ ਲੋਕਾਂ ਸਾਹਮਣੇ ਲਿਆਉਂਣ ਦੀ ਮਨਸ਼ਾ ਨਾਲ ਲਿਖੇ ਗਏ ਹਨ। ਮੈਂ ਧੰਨਵਾਦੀ ਹਾਂ ਉਹਨਾਂ ਸਾਰੇ ਦੋਸਤਾਂ ਦਾ ਜਿਨ੍ਹਾਂ ਨੇ ਸਮੇਂ ਸਮੇਂ ਇਹਨਾਂ ਨਾਟਕਾਂ ਪ੍ਰਤੀ ਉਸਾਰੂ ਸੁਝਾਅ ਦਿੱਤੇ। ਸਭ ਤੋਂ ਵੱਧ ਧੰਨਵਾਦੀ ਹਾਂ ਆਰਟ ਥੀਏਟਰ ਲੁਧਿਆਣਾ ਦੇ ਉਹਨਾਂ ਕਲਾਕਾਰਾਂ ਦਾ ਜਿਨ੍ਹਾਂ ਨੇ ਇਹਨਾਂ ਨਾਟਕਾਂ ਵਿਚਲੇ ਪਾਤਰਾਂ ਨੂੰ ਸਟੇਜ 'ਤੇ ਅਨੇਕਾਂ ਵਾਰ ਸਜੀਵ ਕੀਤਾ।

ਹੀਰਾ ਰੰਧਾਵਾ

# ਰੰਗਮੰਚ ਸਫ਼ਰ ਦੀ ਪਹਿਚਾਣ

ਤਕਰੀਬਨ ਪਿਛਲੇ ਡੇਢ ਦਹਾਕੇ ਤੋਂ ਲੁਧਿਆਣਾ ਵਿਖੇ ਹੋ ਰਹੀਆਂ ਰੰਗਮੰਚ ਸਰਗਰਮੀਆਂ ਦਾ ਜੋ ਕੇਂਦਰ ਬਿੰਦੂ ਹੈ, ਉਸਦਾ ਨਾਮ ਹੈ ਐੱਚ. ਐੱਸ. ਰੰਧਾਵਾ। ਭਾਅਜੀ ਗੁਰਸ਼ਰਨ ਸਿੰਘ ਨਾਲ ਅੰਮ੍ਰਿਤਸਰ ਵਿਖੇ ਰੰਗਮੰਚ ਸਫ਼ਰ ਦੀ ਸ਼ੁਰੂਆਤ ਰੰਧਾਵੇ ਨੇ ਇਕ ਅਦਾਕਾਰ ਵਜੋਂ ਸ਼ੁਰੂ ਕੀਤੀ ਤੇ ਫਿਰ ਆਪਣੀ ਨੌਕਰੀ ਦੇ ਸਫ਼ਰ ਦੇ ਨਾਲ-ਨਾਲ ਪੰਜਾਬੀ ਰੰਗਮੰਚ ਦਾ ਸਫ਼ਰ ਤਹਿ ਕਰਦੇ ਹੋਏ ਇਕ ਅਦਾਕਾਰ, ਲੇਖਕ, ਨਿਰਦੇਸ਼ਕ ਅਤੇ ਆਰਟ ਥੀਏਟਰ ਲੁਧਿਆਣਾ ਦੇ ਸਿਰਜਕ ਵਜੋਂ ਕਈ ਰੰਗ ਬਿਖੇਰਦਿਆਂ ਪਿੱਛੇ ਮੁੜਕੇ ਨਹੀਂ ਵੇਖਿਆ।

ਰੰਧਾਵੇ ਨੇ ਲੁਧਿਆਣਾ ਵਿਖੇ ਹੀ 50 ਤੋਂ ਵੱਧ ਬਾਲ ਰੰਗਮੰਚ ਵਰਕਸ਼ਾਪਾਂ ਦਾ ਆਯੋਜਨ ਕਰਕੇ, ਰੰਗਮੰਚ ਕਲਾ ਦੀ ਨਵੀਂ ਪਨੀਰੀ ਨੂੰ ਤਿਆਰ ਕਰਕੇ ਪੰਜਾਬੀ ਰੰਗਮੰਚ ਨੂੰ ਪ੍ਰਫੁਲਤ ਕਰਨ ਲਈ ਵਿਸ਼ੇਸ਼ ਯੋਗਦਾਨ ਪਾਇਆ ਹੈ। ਇਥੇ ਹੀ ਬੱਸ ਨਹੀਂ ਇਸ ਰੰਗਮੰਚ ਸਫ਼ਰ ਦੌਰਾਨ ਉਸਦੀ ਪਤਨੀ ਸ੍ਰੀਮਤੀ ਬਲਜੀਤ ਕੌਰ ਰੰਧਾਵਾ ਅਤੇ ਬੇਟੀ ਰਾਬੀਆ ਰੰਧਾਵਾ ਨੇ ਵੀ ਰੰਧਾਵੇ ਦੇ ਮੋਢੇ ਨਾਲ ਮੋਢਾ ਜੋੜਕੇ ਉਸ ਦੀਆਂ ਰੰਗਮੰਚ ਸਰਗਰਮੀਆਂ ਨੂੰ ਸਫ਼ਲ ਕਰਨ ਵਿਚ ਵਿਸ਼ੇਸ਼ ਯੋਗਦਾਨ ਪਾਇਆ ਹੈ।

ਹੱਥਲੀ ਕਿਤਾਬ ਰੰਧਾਵੇ ਦੇ ਇਕ ਸਫ਼ਲ ਨਾਟਕਕਾਰ ਹੋਣ ਦੀ ਗਵਾਹੀ ਭਰਦੀ ਹੈ। ਇਸ ਕਿਤਾਬ ਵਿਚਾਲੇ ਸਾਰੇ ਨਾਟਕ ਬਹੁਤ ਵਾਰ ਪੰਜਾਬ ਅਤੇ ਪੰਜਾਬ ਤੋਂ ਬਾਹਰ ਸਫ਼ਲਤਾ ਨਾਲ ਖੇਡੇ ਗਏ। ਜਿਥੇ ''ਨੀਮ-ਹਕੀਮ'' ਨਾਟਕ ਵਿਚ ਹਾਸ ਵਿਅੰਗ ਨਾਲ ਸਮਾਜਿਕ ਤਾਣੇ-ਬਾਣੇ ਤੇ ਚੋਟ ਹੈ ਉਥੇ ਨਾਟਕ 'ਆਪਣਾ ਦਿਨ' ਮਜ਼ਦੂਰ, ਕਿਰਤੀਆਂ, ਕਾਮਿਆਂ ਨੂੰ ਸਮਰਪਿਤ ਹੈ। ਇਹ ਨਾਟਕ ਦੱਬੇ ਕੁਚਲੇ ਲੋਕਾਂ ਦੀ ਗੱਲ ਕਰਕੇ ਉਨ੍ਹਾਂ ਨੂੰ ਸੰਘਰਸ਼ ਵੱਲ ਪ੍ਰੇਰਦਾ ਹੈ ਅਤੇ ਸਮਾਜਿਕ ਪਹਿਰੇਦਾਰੀ ਦੀ ਗੱਲ ਕਰਦਾ ਹੈ ਨਾਟਕ ''ਜਦੋਂ ਜਾਗੋ ਉਦੋਂ ਸਵੇਰਾ'' ਵਿਚ ਕਈ ਸਮਾਜਿਕ ਬੁਰਾਈਆਂ ਨੂੰ ਛੋਹਿਆ ਗਿਆ ਹੈ। ਨਸ਼ਿਆਂ ਦੇ ਬੁਰੇ ਪ੍ਰਭਾਵ ਦੀ ਗੱਲ ਕਰਦਾ ਇਹ ਨਾਟਕ ਔਰਤ ਦੇ ਹੱਕਾਂ ਤੇ ਸਮਾਜਿਕ ਨਿਆਂ ਲਈ ਇਕ ਜੁੱਟ ਹੋ ਕੇ ਖ਼ਪਤਕਾਰ ਸੁਰਖਿਆ ਫੋਰਮ ਦੇ ਨਾਲ ਜੁੜਕੇ, ਸਮਾਜਿਕ ਬੇਇਨਸਾਫ਼ੀ ਨੂੰ ਦੂਰ ਕਰਨ ਦੀ ਗੱਲ ਬਹੁਤ ਹੀ ਸਫ਼ਲਤਾ ਨਾਲ ਕਰਦਾ ਹੈ। ਇਸ ਸੰਗ੍ਰਹਿ ਦਾ ਆਖ਼ਰੀ ਨਾਟਕ ''ਪੁਕਾਰ'' ਬਹੁਤ ਹੀ ਖ਼ੂਬਸੂਰਤ ਨਾਟਕ ਹੈ ਜਿਸ ਵਿਚ ਬੱਚਿਆਂ ਨਾਲ ਹੁੰਦੀ ਬੇਕਦਰੀ, ਅਨਪੜ੍ਹਤਾ, ਜਵਾਨ ਧੀਆਂ ਦਾ ਸਕੂਲਾਂ 'ਚ ਹੁੰਦਾ ਸ਼ੋਸ਼ਣ ਅਤੇ ਭਰੂਣ ਹੱਤਿਆ ਵਰਗੇ ਮਸਲੇ ਛੂਹੇ ਗਏ ਨੇ। ਇਹ ਨਾਟਕ ਸਿਰਫ਼ ਬੱਚਿਆਂ ਦੀ ਪੁਕਾਰ ਨਾ ਹੋ ਕੇ ਸਗੋਂ ਸਮੁੱਚੇ ਸਮਾਜ ਦੀ ਪੁਕਾਰ ਬਣਦਾ ਹੈ।

ਰੰਧਾਵੇ ਦੇ ਇਸ ਸਫ਼ਲ ਤੇ ਖ਼ੂਬਸੂਰਤ ਨਾਟਕ-ਸੰਗ੍ਰਹਿ ਨੂੰ ਅਸੀਂ ਜੀ ਆਇਆਂ ਕਹਿੰਦੇ ਹਾਂ ਅਤੇ ਉਮੀਦ ਕਰਦੇ ਹਾਂ ਕਿ ਅਜਿਹੀਆਂ ਨਾਟਕੀ ਰਚਨਾਵਾਂ ਜੋ ਹੋਰ ਵੀ ਨਵੇਂ ਵਿਸ਼ਿਆਂ ਨਾਲ ਭਰਪੂਰ ਤੇ ਸਸ਼ਕਤ ਹੋਣਗੀਆਂ ਸਾਡਾ ਇਹ ਮਿੱਤਰ ਪਿਆਰਾ ਪੰਜਾਬੀ ਰੰਗਮੰਚ ਪ੍ਰੇਮੀਆਂ ਨੂੰ ਆਪਣੀ ਨਾਟਕੀ ਕਲਾ ਦੇ ਸਫ਼ਰ ਨਾਲ ਜੋੜ ਕੇ ਇਕ ਨਵਾਂ ਇਤਿਹਾਸ ਸਿਰਜੇਗਾ।

ਆਮੀਨ....

ਕੇਵਲ ਧਾਲੀਵਾਲ

ਇਸੇ ਕਲਮ ਤੋਂ :

| | |
|---|---|
| ਚਾਨਣ ਦਾ ਦਰਿਆ | ਨਾਟਕ ਸੰਗ੍ਰਹਿ |
| ਛੱਟਾ ਚਾਨਣਾਂ ਦਾ | ਕਾਵਿ ਸੰਗ੍ਰਹਿ |
| ਚਾਨਣ ਮਮਤਾ ਦਾ | ਨਾਟਕ ਸੰਗ੍ਰਹਿ |

**ਨੋਟ: ਇਸ ਸੰਗ੍ਰਹਿ ਵਿਚਲੇ ਨਾਟਕਾਂ ਨੂੰ ਸਟੇਜ ’ਤੇ ਖੇਡਣ ਲਈ ਲੇਖਕ ਦੀ ਆਗਿਆ ਦੀ ਲੋੜ ਨਹੀਂ। ਪਰ ਸੂਚਨਾ ਦੇਣੀ ਜਰੂਰੀ ਹੈ।**

# ਨੀਮ-ਹਕੀਮ

| | |
|---|---|
| ਬੁੱਧੂੰ | : ਇਕ ਸ਼ਰਾਬੀ ਲੱਕੜਹਾਰਾ |
| ਅੱਕੀ | : ਬੱਧੂ ਦੀ ਪਤਨੀ |
| ਕਾਕੋ | : ਬੁੱਧੂ ਦੀ ਲੜਕੀ |
| ਭੂੰਡੀ | : ਸਧਾਰਣ ਵਿਅਕਤੀ |
| ਪਿਤਾ | : ਅਮੀਰ ਆਦਮੀ |
| ਪ੍ਰੀਤੀ | : ਪਿਤਾ ਦੀ ਲੜਕੀ |
| ਕਾਲੂ | : ਨੌਕਰ |
| ਪੀਲੂ | : ਨੌਕਰ |
| ਚਾਂਦਨੀ | : ਕਾਲੂ ਦੀ ਪਤਨੀ |
| ਪ੍ਰੇਮ | : ਪ੍ਰੀਤੀ ਦਾ ਪ੍ਰੇਮੀ |

# 'ਨੀਮ ਹਕੀਮ'

## ਐਕਟ ਪਹਿਲਾ

### ਦ੍ਰਿਸ਼ ਪਹਿਲਾ

*{ਪਰਦਾ ਉੱਠਣ 'ਤੇ ਬੁੱਧੂ ਦਾ ਘਰ ਵਿਖਾਈ ਦਿੰਦਾ ਹੈ- ਬੁੱਧੂ ਤੇ ਉਸਦੀ ਪਤਨੀ ਅੱਕੀ ਲੜਦੇ ਲੜਦੇ ਮੰਚ 'ਤੇ ਪ੍ਰਵੇਸ਼ ਕਰਦੇ ਹਨ}*

ਬੁੱਧੂ : ਨਹੀਂ, ਨਹੀਂ, ਨਹੀਂ, ਨਹੀਂ, ਨਹੀਂ। ਮੈਂ ਬਿਲਕੁਨ ਨਹੀਂ ਮੰਨਾਂਗਾ, ਕੰਨ ਖੋਲ੍ਹ ਕੇ ਸੁਣ ਲੈ, ਇਸ ਘਰ ਵਿਚ ਚੱਲੇਗੀ ਤਾਂ ਮੇਰੀ ਮਰਜ਼ੀ ਚੱਲੇਗੀ, ਉੱਚੀ ਬੋਲਾਂਗਾ ਤਾਂ ਮੈਂ ਹੀ ਬੋਲਾਂਗਾ, ਬਈ ਆਖ਼ਿਰਕਾਰ ਮੈਂ ਮਰਦ ਹਾਂ ਇਸ ਘਰ ਦਾ ਮਾਲਕ।

ਅੱਕੀ : ਤੂੰ ਵੀ ਸੁਣ ਲੈ, ਜੇ ਚੱਲੇਗੀ ਤਾਂ ਮੇਰੀ ਮਰਜ਼ੀ, ਨਹੀਂ ਤੇ ਚੱਲੇਗੀ ਮੇਰੀ ਜੁੱਤੀ, ਮੈਂ ਤੇਰਾ ਰੋਅਬ ਸਹਿਣ ਲਈ ਵਿਆਹ ਨਹੀਂ ਸੀ ਕੀਤਾ ਤੇਰੇ ਨਾਲ, ਸਮਝ ਲੱਗੀ ? ....ਹਾਂ!

ਬੁੱਧੂ : ਲਓ ਸੁਣ ਲਓ ਲੋਕੋ! ਇਹੋ ਜਿਹੀ ਘਰਵਾਲੀ ਨਾਲੋਂ ਤੇ... ਮਹਾਤਮਾ ਨੇ ਠੀਕ ਹੀ ਕਿਹਾ ਸੀ...

ਅੱਕੀ : ਹਾਂ ਹਾਂ ਹਜ਼ੂਰ, ਵੇਖਿਓ ਜ਼ਰਾ! ਇਸ ਮਹਾਤਮਾ ਦੇ ਬਲੂੰਗੜੇ ਦਾ ਬੂਥਾ ਤੇ ਵੇਖੋ...!

ਬੁੱਧੂ : ਤੇ ਮਾੜਾ ਵੀ ਕਿਧਰੋਂ ਏ? ਪਾਗ਼ਲਖ਼ਾਨੀਏਂ ਇਹੋ ਜਿਹਾ ਬੰਦਾ ਕਿਤਿਓਂ ਨਹੀਂ ਲੱਭਣਾ, ਜਿਹੜਾ ਮੇਰੇ ਵਰਗਾ ਸਮਝਦਾਰ ਹੋਵੇ! ਲੱਕੜਾਂ ਕੱਟਣ ਵਿਚ ਮਾਹਿਰ ਹੋਵੇ! ਦਲੀਲਾਂ ਦੇਣ ਵਿਚ ਲੰਬੜਦਾਰ ਹੋਵੇ! ਜਿਸਨੇ ਇੱਕ ਡਾਕਟਰ ਕੋਲ ਛੇ ਸਾਲ ਦਵਾਈਆਂ ਵਾਲੀਆਂ ਸ਼ੀਸ਼ੀਆਂ ਧੋਤੀਆਂ ਹੋਣ! ...ਤੇ...

ਅੱਕੀ :...ਤੇ ਜਿਹੜਾ ਹਾਲੇ ਵੀ ਗਧਾ ਏ!

ਬੁੱਧੂ : ਤੇ ਇਸ ਗੋਹੇ ਦਾ ਭਾਰ ਢੋਅ ਰਿਹਾ ਏ।

ਅੱਕੀ : ਮੇਰੀ ਤਾਂ ਅਕਲ ਤੇ ਪਰਦਾ ਪੈ ਗਿਆ ਸੀ ਜਿਸਨੇ ਇਹਦੇ ਨਾਲ ਵਿਆਹ ਕਰਵਾ ਲਿਆ!

ਬੁੱਧੂ : ਅੱਛਾ! ਤੇ ਔਰਤਾਂ 'ਚ ਅਕਲ ਵੀ ਹੁੰਦੀ ਏ, ਇਹ ਤੇ ਮੈਂ ਪਹਿਲੀ ਵਾਰ ਸੁਣਿਐ! ਵੈਸੇ ਕਿਸਮਤ ਤਾਂ ਮੇਰੀ ਮਾੜੀ ਸੀ ਜਿਹੜਾ ਤੇਰੇ ਨਾਲ ਵਿਆਹ ਦੇ ਚੱਕਰ 'ਚ ਫਸ ਗਿਆ ਤੇ ਹੁਣ ਗਲ ਪਿਆ ਢੋਲ ਵਜਾ ਰਿਹਾਂ।

ਅੱਕੀ : ਬੱਲੇ ਨੀ ਗਧੇ ਦੀਏ ਕਿਸਮਤੇ! ਮੈਂ ਕਿਹਾ-ਮੇਰੇ ਵਰਗੀ ਜ਼ਨਾਨੀ ਦਿਨੇ ਦੀਵਾ ਲੈ ਕੇ ਵੀ ਲੱਭਿਆਂ ਵੀ ਨਹੀਂ ਲੱਭਣੀ!

ਬੁੱਧੂ : ਮੇਰੀ ਪਿਆਰੀ ਪਿਆਰੀ...ਚੁੜੇਲ! ਮੇਰਾ ਮੂੰਹ ਨਾ ਖੁਲ੍ਹਵਾ, ਜੇ ਮੈਂ ਕੁਝ ਕਹਿ ਦਿੱਤਾ ਨਾ ਤੇ ਫੇਰ...।

ਅੱਕੀ : ਕੀ? ਕੀ ਕਹੇਂਗਾ ਤੂੰ?

ਬੁੱਧੂ : ਚੱਲ ਛੱਡ! ਤੂੰ ਆਪਣੀ ਖ਼ੁਸ਼ਨਸੀਬੀ ਸਮਝ ਜੋ ਤੈਨੂੰ ਮੇਰੇ ਵਰਗਾ ਘਰ ਵਾਲਾ ਮਿਲ ਗਿਆ, ਤੇ ਤੇਰੀ ਜ਼ਿੰਦਗੀ 'ਚ ਬਹਾਰ ਆ ਗਈ।

ਅੱਕੀ : ਆਹੋ ਕਿਉਂ ਨਹੀਂ? ਤੇਰੀ ਬਹਾਰ ਨੇ ਐਸੇ ਰੰਗ ਭਾਗ ਲਾਏ ਨੇ ਕਿ ਤੂੰ ਚੌਵੀ ਘੰਟੇ ਸ਼ਰਾਬ ਹੀ ਪੀਂਦਾ ਰਹਿਨਾ ਏਂ। ਤੈਨੂੰ ਸ਼ਰਾਬ ਤੋਂ ਬਿਨਾਂ ਹੋਰ ਕੁਝ ਸੁੱਝਦਾ ਈ ਨਹੀਂ?

ਬੁੱਧੂ : ਕਮਲੀਏ! ਮਰਦ ਦੀ ਮਰਦਾਨਗੀ ਤਾਂ ਛਿੱਟ ਲਾਉਣ 'ਚ ਏ। ਇਹ ਚੀਜ਼ ਵੈਸ਼ਨੂੰ ਬੰਦਿਆਂ ਕੋਲ ਨਹੀਂ ਹੋ ਸਕਦੀ। ਦਾਰੂ ਪੀਓ, ਬੱਕਰੇ ਖਾਓ ਤੇ ਮੌਜਾਂ ਉਡਾਓ।

ਅੱਕੀ : ਪਰ ਮੈਨੂੰ ਦੱਸ ਮੈਂ ਇਸ ਘਰ ਨੂੰ ਛੱਡ ਕੇ ਕਿਹੜੇ ਖੂਹ ਵਿਚ ਪੈ ਜਾਵਾਂ?

ਬੁੱਧੂ : ਬਈ ਜ਼ਨਾਨੀਆਂ ਦੇ ਡਿੱਗਣ ਲਈ ਖੂਹਾਂ ਦੀ ਕੋਈ ਕਮੀਂ ਨਹੀਂ।

*(ਅੰਦਰੋਂ ਇਕ ਚਾਰ-ਪੰਜ ਸਾਲ ਦੀ ਬੱਚੀ ਕਾਕੋ ਰੋਂਦੀ ਹੋਈ ਆਉਂਦੀ ਹੈ)*

ਕਾਕੋ : ਮਾਂ, ਮਾਂ ਮੈਨੂੰ ਭੁੱਖ ਲੱਗੀ ਆ... ਰੋਟੀ ਦੇ। ਮੈਨੂੰ ਰੋਟੀ ਦੇ....।

ਅੱਕੀ : ਔਂਤਰਿਆ! ਜਿਹੜੇ ਚਾਰ ਜੁਆਕ ਜੰਮੇ ਈ ਉਹਨਾਂ ਦਾ ਕੀ ਕਰਾਂ? ਉਹ ਵੇਖ ਕਿੱਦਾਂ ਵਿਲਕਦੇ ਪਏ ਨੇ।

ਬੁੱਧੂ : ਉਹਨਾਂ ਨੂੰ ਚੁੱਪ ਕਰਾ ਦੇ।

ਕਾਕੋ : *(ਰੋਂਦੀ ਹੋਈ)* ਮਾਂ ਮੈਨੂੰ ਭੁੱਖ ਲੱਗੀ ਏ। ਮੈਨੂੰ ਰੋਟੀ ਦੇਹ ਖਾਣ ਨੂੰ....।

ਅੱਕੀ : ਉਹ ਰੋਟੀ ਦੀ ਬੁਰਕੀ ਬੁਰਕੀ ਲਈ ਮੇਰੀ ਜਾਨ ਨੂੰ ਰੋਂਦੇ ਨੇ।

ਬੁੱਧੂ : ਅੱਛਾ! ਇਹ ਗੱਲ ਏ! ਧੋਣੋਂ ਫੜ ਕੇ ਚਾਰ ਚਪੇੜਾਂ ਮਾਰ ਕੱਸ ਕੇ। ਮੈਂ ਘੁੱਟ ਕੁ ਲਾ ਲਵਾਂ, ਫੇਰ ਕਰਾ ਦੂੰ ਤੁਹਾਡੀ ਸਾਰਿਆਂ ਦੀ ਤਸੱਲੀ!

*(ਕਾਕੋ ਡਰ ਕੇ ਅੰਦਰ ਦੌੜ ਜਾਂਦੀ ਹੈ।)*

ਅੱਕੀ : ਇਹਦਾ ਮਤਲਬ ਤੂੰ ਆਪਣੀਆਂ ਕਰਤੂਤਾਂ ਤੋਂ ਬਾਜ਼ ਨਹੀਂ ਆਉਂਦਾ?

ਬੁੱਧੂ : ਸਾਹ ਲੈ, ਸਾਹ ਲੈ ਮੇਰੀ ਅੱਕੀ, ਗੇੜਦਾਂ ਤੇਰੀ ਚੱਕੀ!

ਅੱਕੀ : ਖੌਰ੍ਹੇ ਤੇਰੇ ਜਿਹੇ ਗੰਦੇ ਬੰਦੇ ਤੋਂ ਮੈਨੂੰ ਕਦੋਂ ਮੁਕਤੀ ਮਿਲੂਗੀ?

ਬੁੱਧੂ : ਬਹੁਤ ਗੁੱਸਾ ਸਿਹਤ ਲਈ ਚੰਗਾ ਨਹੀਂ ਹੁੰਦਾ।

ਅੱਕੀ : ਤੇ ਤੂੰ ਆਪਣੀਆਂ ਗੰਦੀਆਂ ਆਦਤਾਂ ਬਦਲਣ ਲਈ ਤਿਆਰ ਨਹੀਂ।

ਬੁੱਧੂ : ਤੈਨੂੰ ਚੰਗਾ ਭਲਾ ਪਤਾ ਏ ਮੇਰੇ 'ਚ ਬਰਦਾਸ਼ਤ ਦਾ ਮਾਦਾ ਜ਼ਰਾ ਘੱਟ ਈ ਏ। ਪਰ ਛਿੱਤਰ ਪਰੇਡ ਕਰਨ ਦੀ ਤਾਕਤ ਬੜੀ ਏ।

ਅੱਕੀ : ਹੂੰ ! ਇਹਨਾਂ ਗਿੱਦੜ ਭਬਕੀਆਂ ਤੋਂ ਕੌਣ ਡਰਦੈ?

ਬੁੱਧੂ : ਅੱਛਾ! ਤੁਸੀਂ ਸਾਰੀਆਂ ਔਰਤਾਂ ਕੁੱਟ ਖਾਣ ਲਈ ਇੰਨੀਆਂ ਕਾਹਲੀਆਂ ਕਿਉਂ ਹੁੰਦੀਆਂ ਜੇ?

ਅੱਕੀ : ਮੈਂ ਤੈਥੋਂ ਰੱਤੀ ਭਰ ਨਹੀਂ ਡਰਦੀ।

ਬੁੱਧੂ : ਲੱਗਦੈ ਅੱਜ ਮੇਰੇ ਕੌਤਕ ਵੇਖੇ ਬਿਨਾਂ ਤੇਰੀ ਆਤਮਾ ਨੂੰ ਸ਼ਾਂਤੀ ਨਹੀਂ ਮਿਲਣੀ।

ਅੱਕੀ : ਤੂੰ ਕੀ ਸਮਝਦਾ ਏਂ ਕਿ ਤੇਰੀ ਬਕਵਾਸਬਾਜ਼ੀ ਤੋਂ ਮੈਂ ਡਰ ਜਾਵਾਂਗੀ! ਔਂਤਰਾ ਸ਼ਰਾਬੀ ਕਿਸੇ ਥਾਂ ਦਾ!

ਬੁੱਧੂ : ਮੈਂ ਕਿਹਾ ਜੇ ਇੱਕ ਘਸੁੰਨ ਵੱਜਾ ਨਾ ਤੇ ਤੇਰਾ ਪਾਪੜ ਬਣ ਜਾਣਾ ਏਂ।

ਅੱਕੀ : ਸ਼ਰਾਬੀ ਕੁੱਤਾ!

ਬੁੱਧੂ : ਮੈਂ ਤੇਰੀ ਚਮੜੀ ਉਧੇੜ ਕੇ ਰੱਖ ਦਿਆਂਗਾ। ਤੇਰਾ ਮਾਰ ਮਾਰ ਕੇ ਭੜਥਾ ਨਾ ਬਣਾ ਦਿੱਤਾ ਤੇ ਤੂੰ ਕੀ ਯਾਦ ਰੱਖੇਂਗੀ ਕਿ ਕਿਸੇ ਮਰਦ ਬੱਚੇ ਨਾਲ ਵਾਹ ਪਿਆ ਸੀ।

ਅੱਕੀ : ਧੋਖੇਬਾਜ਼...! ਕਮੀਨਾ...! ਕਾਇਰ...!

ਬੁੱਧੂ : ਮੈਂ ਤੇਰੀ ਚਟਣੀ ਬਣਾ ਦਿਆਂਗਾ। *(ਉਹਨੂੰ ਕੁੱਟਦਾ ਹੈ)*

ਅੱਕੀ : ਵੇ ਸੂਰਾ! ਹਰਾਮੀਆ! ਬਦਮਾਸ਼ਾ! ਵੇ ਤੈਨੂੰ ਪਵੇ ਬੀਮਾਰੀ!

ਬੁੱਧੂ : ਤੇ ਤੂੰ ਬਾਜ਼ ਨਹੀਂ ਆਉਂਦੀ।

ਅੱਕੀ : ਵੇ ਔਂਤਰਿਆ, ਨਿਖੱਤਿਆ, ਮਰ ਗਈ ਵੇ ਲੋਕੋ! ਮਾਰ ਦਿੱਤੀ ਜੇ ਕੰਜਰ ਨੇ!! ਹਾਏ...!!!

*{ਭੂੰਡੀ ਦਾ ਪ੍ਰਵੇਸ਼ ਜਿਹੜਾ ਬੁੱਧੂ ਨੂੰ ਕੁੱਟਦਿਆਂ ਵੇਖ ਕੇ ਉੱਚੀ ਉੱਚੀ ਰੌਲਾ ਪਾਉਂਦਾ ਹੈ।}*

ਭੂੰਡੀ : ਵੇਖੋ ਓ ਲੋਕੋ! ਬਈ ਵੇਖੋ! ਇਹ ਘਟੀਆ ਇਨਸਾਨ ਕੀ ਕਰੀ ਜਾ ਰਿਹੈ? ਆਪਣੀ ਘਰ ਵਾਲੀ ਨੂੰ ਕੁੱਟਣ ਵਾਲੇ ਨੂੰ ਤੇ ਨਰਕ ਵਿਚ ਵੀ ਥਾਂ ਨਹੀਂ ਮਿਲਣੀ ਚਾਹੀਦੀ। ਹਾਂ!

ਅੱਕੀ : *(ਇਕ ਦਮ ਚੁੱਪ ਹੁੰਦੀ ਹੈ-ਬੁੱਧੂ ਵੱਲ ਵੇਖਦੀ ਹੈ-ਫਿਰ ਭੂੰਡੀ ਨੂੰ)* ਤੂੰ ਸੁਣਾ ਵੇ ਚਿੱਬੜ੍ਹਾ ਜਿਹਾ। ਇਹ ਤੇ ਮੇਰੀ ਆਪਣੀ ਮਰਜ਼ੀ ਏ ਕਿ ਮੇਰਾ ਘਰਵਾਲਾ ਮੈਨੂੰ ਕੁੱਟੇ।

ਭੂੰਡੀ : ਜੀ? ਤੇ ਫਿਰ ਮੈਨੂੰ ਕੋਈ ਇਤਰਾਜ਼ ਨਹੀਂ।

ਅੱਕੀ : ਤੇਰਾ ਵਿੱਚ ਟੰਗ ਅੜਾਉਣ ਦਾ ਮਤਲਬ ਕੀ ਏ?

ਭੂੰਡੀ : ਜੀ ਐਵੇਂ ਗਲਤੀ ਨਾਲ ਈ ਅੜ ਗਈ।

ਅੱਕੀ : ਤੂੰ ਮੈਨੂੰ ਇਹ ਤੇ ਦੱਸ ਕਿ ਤੂੰ ਇਹਦੇ 'ਚੋਂ ਕੀ ਲੈਣਾ ਏ? ਹੈਂਅ?

ਭੂੰਡੀ : ਮੈਂ...? ਮੈਂ... ਕੁਝ ਵੀ ਨਹੀਂ ਜੀ!

ਅੱਕੀ : ਇਸ ਮੂਰਖ ਦੀ ਮੂਰਖਤਾ ਤੇ ਵੇਖੋ! ਇਕ ਪਤੀ ਨੂੰ ਆਪਣੀ ਪਤਨੀ ਨੂੰ ਕੁੱਟਣ ਤੋਂ ਰੋਕ ਰਿਹਾ ਏ।

ਭੂੰਡੀ : ਡਿੱਗੀ ਖੋਤੇ ਤੋਂ ਤੇ ਗੁੱਸਾ ਘੁਮਿਆਰ ਤੇ।

ਅੱਕੀ : ਕੀ ਕਿਹਾ ਤੂੰ?

ਭੂੰਡੀ : ਮੈਂ...ਮੈਂ... ਕੁਝ ਵੀ ਨਹੀਂ ਜੀ! ਮੈਂ ਆਪਣੀ ਗਲਤੀ ਮੰਨਦਾ ਹਾਂ।

ਅੱਕੀ : ਦੂਜਿਆਂ ਦੇ ਕੰਮ 'ਚ ਦਖ਼ਲ-ਅੰਦਾਜ਼ੀ ਕਰਨ ਨਾਲ ਤੈਨੂੰ ਕੀ ਮਿਲੂ?

ਭੂੰਡੀ : ਕੁਝ ਨਹੀਂ ਜੀ, ਕੁਝ ਨਹੀਂ।

ਅੱਕੀ : ਤੂੰ ਆਪਣੇ ਕੰਮ ਨਾਲ ਕੰਮ ਰੱਖ, ਸਮਝ ਲੱਗੀ?

ਭੂੰਡੀ : ਜੀ ਅੱਗੇ ਤੋਂ ਮੈਂ ਇਸ ਤਰ੍ਹਾਂ ਹੀ ਕਰਾਂਗਾ।

ਅੱਕੀ : ਮੇਰਾ ਕੁੱਟ ਖਾਣ ਨੂੰ ਜੀਅ ਕਰਦਾ ਏ ਬਈ!

ਭੂੰਡੀ : ਜੀ ਜ਼ਰੂਰ ਕਰਦਾ ਹੋਵੇਗਾ।

ਅੱਕੀ : ਤੇ ਤੇਰੀ ਇਹਦੇ ਵਿਚ ਢਿੱਡ ਪੀੜ ਹੁੰਦੀ ਏ?

ਭੂੰਡੀ : ਬਿਲਕੁੱਲ ਨਹੀਂ ਜੀ।

ਅੱਕੀ : ਤੂੰ ਇੱਕ ਮੂਰਖ ਆਦਮੀ ਏਂ ਜਿਹੜਾ ਸਾਡੇ ਵਿਚ ਐਵੇਂ ਹੀ ਧੁੱਸ ਦੇਈ ਜਾਂਦਾ ਏਂ।
*(ਕੁੱਟਦੀ ਹੋਈ ਬੁੱਧੂ ਵੱਲ ਧੱਕਦੀ ਹੈ।)*

ਭੂੰਡੀ : *(ਬੁੱਧੂ ਨੂੰ)* ਜੀ ਮੈਂ ਤਹਿ ਦਿਲੋਂ ਮੁਆਫ਼ੀ ਚਾਹੁੰਦਾ ਹਾਂ। ਤੁਸੀਂ ਆਪਣੀ ਘਰ ਵਾਲੀ ਨੂੰ ਰੱਜ ਕੇ ਕੁੱਟੋ, ਜੇ ਤੁਸੀਂ ਚਾਹੋ ਤਾਂ ਮੈਂ ਤੁਹਾਡੀ ਮਦਦ ਵੀ ਕਰ ਸਕਦਾ ਹਾਂ। ਕਰਾਂ?

ਬੁੱਧੂ : ਹਾਲੇ ਤੇ ਮੇਰੀ ਕੋਈ ਇੱਛਾ ਨਹੀਂ।

ਭੂੰਡੀ : ਜੀ, ਇਹ ਵੱਖਰੀ ਗੱਲ ਏ।

ਬੁੱਧੂ : ਜਦੋਂ ਮੇਰਾ ਜੀਅ ਕਰੇਗਾ ਕੁੱਟਾਂਗਾ, ਜੇ ਨਾ ਕਰੇਗਾ ਤਾਂ ਨਹੀਂ ਕੁੱਟਾਂਗਾ।

ਭੂੰਡੀ : ਫੇਰ ਠੀਕ ਏ ਜੀ।

ਬੁੱਧੂ : ਘਰ ਵਾਲੀ ਮੇਰੀ ਏ ਕਿ ਤੇਰੀ? (ਗਲ਼ੋਂ ਫੜਦਾ ਹੈ)

ਭੂੰਡੀ : ਤੁਹਾਡੀ ਜੀ, ਬਿਲਕੁੱਲ ਤੁਹਾਡੀ। ਮੇਰੀ ਤੇ ਭੈਣ ਏ, ਭੈਣ ਜੀ...ਬਚਾਓ ਜੀਜਾ ਜੀ ਤੋਂ!

ਬੁੱਧੂ : ਤੂੰ ਮੇਰਾ ਸਾਲਾ ਲੱਗਦੈਂ? ਜੋ ਮੈਂ ਤੇਰਾ ਹੁਕਮ ਮੰਨਾਂ?

ਭੂੰਡੀ : ਨਹੀਂ ਜੀ!

ਬੁੱਧੂ : ਮੈਂ ਇੰਨਾ ਕਮਜ਼ੋਰ ਵੀ ਨਹੀਂ ਕਿ ਤੇਰੀ ਮਦਦ ਮੰਗਾਂ।

ਭੂੰਡੀ : ਇਹ ਵੀ ਠੀਕ ਏ ਜੀ।

ਬੁੱਧੂ : ਤੇ ਇਹ ਵੀ ਠੀਕ ਏ ਕਿ ਤੂੰ ਬੇਵਕੂਫ਼ ਏਂ।

ਭੂੰਡੀ : ਇਹ ਵੀ ਠੀਕ ਜੀ।

ਬੁੱਧੂ : ਜਿਹੜਾ ਦੂਜਿਆਂ ਦੇ ਮਾਮਲੇ ਵਿਚ ਦਖ਼ਲ ਦੇ ਰਿਹਾ ਏ। ਮਹਾਤਮਾ ਨੇ ਕਿਹਾ ਸੀ ਕਿ ਦੋ ਦੇਸ਼ਾਂ ਦੀ ਲੜਾਈ ਵਿਚ ਤੀਸਰੇ ਦੇਸ਼ ਨੂੰ ਦਖ਼ਲ ਨਹੀਂ ਦੇਣਾ ਚਾਹੀਦਾ।

ਭੂੰਡੀ : ਅੱਛਾ! ਇਸ ਤਰ੍ਹਾਂ ਕਿਹਾ ਸੀ ਉਹਨੇ?

ਬੁੱਧੂ : ਜੇ ਨਹੀਂ ਕਿਹਾ ਸੀ ਤਾਂ ਉਸ ਨੂੰ ਕਹਿਣਾ ਚਾਹੀਦਾ ਸੀ।

*{ਦੋਵੇਂ ਜੀਅ ਉਹਦੀ ਪਿੱਠ ਤੇ ਲੱਤਾਂ ਮਾਰ ਕੇ ਬਾਹਰ ਧੱਕਦੇ ਹਨ, ਬੁੱਧੂ ਫੇਰ ਡੰਡਾ ਲੈ ਕੇ ਅੱਕੀ ਮਗਰ ਦੌੜਦਾ ਹੈ}*

*(ਫੇਡ ਆਊਟ)*

## ਦ੍ਰਿਸ਼ ਦੂਜਾ

*{ਅੱਕੀ ਗੁੱਸੇ ਨਾਲ ਭਰੀ-ਪੀਤੀ ਬੈਠੀ ਹੈ, ਬੁੱਧੂ ਉਹਨੂੰ ਮਨਾਉਣ ਦੀ ਕੋਸ਼ਿਸ਼ ਕਰਦਾ ਹੈ}*

ਬੁੱਧੂ : *(ਤਰਲਾ ਲੈ ਕੇ ਪਿਆਰ ਨਾਲ)* ਮੈਂ ਕਿਹਾ ਮੇਰੀ ਅੱਕੀ ਆ ਹੁਣ ਆਪਾਂ ਸੁਲਹਾ ਕਰ ਲਈਏ, ਆ।

ਅੱਕੀ : ਸੁਲਹਾ ? ਤੇ ਉਹ ਵੀ ਇੰਨੀ ਛਿੱਤਰੌਲ ਤੋਂ ਬਾਅਦ!

ਬੁੱਧੂ : ਹਾਂ, ਬਈ ਸੁਲਹਾ ਤੇ ਕਰਨੀ ਹੀ ਪੈਣੀ ਏ ਨਾ ?

ਅੱਕੀ : ਜੀ ਨਹੀਂ। ਸੁਲਹਾ ਦੀ ਰੱਤੀ ਭਰ ਵੀ ਗੁੰਜਾਇਸ਼ ਨਹੀਂ।

ਬੁੱਧੂ : ਮੈਂ ਕਿਹਾ...।

ਅੱਕੀ : ਜੋ ਮਰਜ਼ੀ ਏ ਕਹੀ ਜਾ।

ਬੁੱਧੂ : ਮੇਰੀ ਪਿਆਰੀ ਪਿਆਰੀ.... ਮੇਰੀ ਜਾਨ!

ਅੱਕੀ : ਢੱਕਿਆ ਰਹਿ।

ਬੁੱਧੂ : ਆ ਵੀ ਹੁਣ!

ਅੱਕੀ : ਨਹੀਂ, ਨਹੀਂ, ਬਿਲਕੁਲ ਨਹੀਂ। ਮੈਂ ਆਪਣਾ ਗੁੱਸਾ ਨਹੀਂ ਛੱਡਣ ਲੱਗੀ।

ਬੁੱਧੂ : ਚਲ ਥੁੱਕ ਹੁਣ ਗੁੱਸਾ। ਮੈਂ ਕਹਿੰਦਾ ਆ ਹੁਣ।

ਅੱਕੀ : ਨਹੀਂ... ਤੂੰ ਮੇਰੇ ਨਾਲ ਬੜੀ ਬੁਰੀ ਕਰਦਾ ਏਂ। ਮੈਂ ਨਹੀਂ ਤੇਰੇ ਨਾਲ ਬੋਲਦੀ।

ਬੁੱਧੂ : ਠੀਕ ਏ, ਆਪਾਂ ਆਪਣੇ ਕੀਤੇ ਦੀ ਮੁਆਫ਼ੀ ਮੰਗ ਲੈਂਦੇ ਹਾਂ। *(ਹੱਥ ਜੋੜ ਕੇ ਮੁਆਫੀ ਮੰਗਦਾ ਹੈ)* ਮੈਨੂੰ ਮੁਆਫ਼ ਕਰ ਦਿਓ ਨਾ। ਹੁਣ ਠੀਕ ਏ?

ਅੱਕੀ : ਠੀਕ ਏ, ਜਾਹ ਤੈਨੂੰ ਮੁਆਫ਼ ਕੀਤਾ। {ਇੱਕ ਪਾਸੇ} ਪਰ ਬੱਚੂ ਇਹਦੀ ਕੀਮਤ ਤਾਂ ਤੈਨੂੰ ਚੁਕਾਉਣੀ ਹੀ ਪਵੇਗੀ।

ਬੁੱਧੂ : *(ਆਪਣਾ ਲੱਕੜਾਂ ਕੱਟਣ ਵਾਲਾ ਸਮਾਨ ਕੁਹਾੜੀ, ਰੱਸਾ ਵਗੈਰਾ ਇਕੱਠੇ ਕਰਦਾ ਹੋਇਆ)* ਹੱਦ ਏ ਬੇਵਕੂਫ਼ੀ ਦੀ ਵੀ। ਐਵੇਂ ਨਿੱਕੀ ਜਿਹੀ ਗੱਲ ਦਾ ਬੁਰਾ ਮਨਾ ਗਈ। ਬਈ ਵਧੀਆ ਦੋਸਤੀ ਲਈ ਇਹ ਬੜਾ ਜ਼ਰੂਰੀ ਹੁੰਦਾ ਏ ਕਿ ਗੁੱਸੇ ਗਿਲੇ ਹੁੰਦੇ ਰਹਿਣ। ਦੋ-ਚਾਰ ਚਪੇੜਾਂ ਵੱਜਦੀਆਂ ਰਹਿਣ, ਤਾਂ ਪਿਆਰ ਜ਼ਿਆਦਾ ਮਜ਼ਬੂਤ ਹੁੰਦਾ ਏ। ਚੰਗਾ, ਮੈਂ ਚੱਲਿਆ ਈ ਲੱਕੜਾਂ ਕੱਟਣ। ਮੈਂ ਵਾਅਦਾ ਕਰਦਾਂ ਕਿ ਕੱਲ੍ਹ ਨਾਲੋਂ ਦੂਣੀਆਂ ਲੱਕੜਾਂ ਲੈ ਕੇ ਆਊਂ। *(ਜਾਂਦਾ ਹੈ)*

ਅੱਕੀ : *(ਇਕੱਲੀ ਹੀ)* ਜਾਹ ਕੰਜਰਾ, ਜਾਹ, ਮੇਰੀ ਉਪਰਲੀ ਮੁਸਕਾਨ ਨੂੰ ਹੀ ਮੇਰੇ ਵੱਲੋਂ ਸੁਲਹਾ ਨਾ ਸਮਝੀਂ। ਮੈਂ ਤੇ ਬਦਲੇ ਦੀ ਅੱਗ ਵਿਚ ਬਲ ਰਹੀ ਹਾਂ ਕਿ ਕਿਵੇਂ ਬਦਲਾ ਲਵਾਂ ਇਹਨਾਂ ਸੱਟਾਂ ਦਾ। ਔਰਤ ਜੇ ਬਦਲਾ ਲੈਣ ਤੇ ਆ ਜਾਵੇ ਤਾਂ ਉਹਦਾ ਵਾਰ ਕਦੇ ਖ਼ਾਲੀ ਨਹੀਂ ਜਾਂਦਾ। ਫਿਰ ਕੀ ਕਰਾਂ? ਇਸ ਤਰ੍ਹਾਂ ਕਰਦੀ ਆਂ ਕਿ ਛੱਡ ਕੇ ਪੇਕਿਆਂ ਨੂੰ ਚਲੀ ਜਾਂਦੀ ਆਂ, ਮਾਰਦਾ ਰਹੂ ਮਗਰੋਂ 'ਕੱਲਾ ਟੱਕਰਾਂ। ਪਰ ਨਹੀਂ ਇਹਦੇ ਨਾਲ ਤੇ ਇਸ ਕੁੱਤੇ ਬੰਦੇ ਨੂੰ ਮੌਜਾਂ ਹੋ ਜਾਣਗੀਆਂ ਸ਼ਰਾਬ ਪੀਣ ਦੀਆਂ। ਮੇਰੇ ਕਾਲਜੇ ਠੰਡ ਤਾਂ ਉਦੋਂ ਹੀ ਪਵੇਗੀ ਜਦੋਂ ਇਹਦੇ ਹੱਡ ਸੇਕੇ ਗਏ ਤੇ ਇਹ ਤੜਫਿਆ।

(ਫੇਡ ਆਊਟ)

## ਦ੍ਰਿਸ਼ ਤੀਜਾ

*{ਦੋ ਲਾਠੀਧਾਰੀ ਆਦਮੀ ਕਾਲੂ ਤੇ ਪੀਲੂ ਆਉਂਦੇ ਹਨ ਜੋ ਬੈਕ ਸਟੇਜ ਦੇ ਸੱਜੇ ਪਾਸੇ ਤੋਂ ਖੱਬੇ ਪਾਸੇ ਮੂਵਮੈਂਟ ਲੈਂਦੇ ਹਨ, ਫਿਰ ਬੈਕ ਜਾ ਕੇ ਮੁੜਦੇ ਹੋਏ ਸੰਵਾਦ ਸ਼ੁਰੂ ਕਰਦੇ ਹਨ }*

ਕਾਲੂ : ਬਈ ਸਮਝ ਨਹੀਂ ਆਉਂਦੀ ਕਿ ਜਿਹੜੀ ਜ਼ਿੰਮੇਵਾਰੀ ਆਪਾਂ ਲਈ ਏ, ਇਹਦੇ ਨਾਲ ਸਾਨੂੰ ਕੀ ਫਾਇਦਾ ਹੋਊ?

ਪੀਲੂ : ਓਏ ਤੂੰ ਵੀ ਨਿਰਾ ਘੁੱਗੂ ਈ ਏਂ। ਆਪਣੇ ਮਾਲਿਕ ਦੇ ਹੁਕਮ ਨੂੰ ਮੰਨਣਾ ਸਾਡਾ ਫਰਜ਼ ਏਂ। ਤੂੰ ਇਹ ਵੇਖ ਕਿ ਆਪਣੇ ਮਾਲਕ ਦੀ ਕੁੜੀ ਬੀਮਾਰ ਏ ਕਿ ਨਹੀਂ?

ਕਾਲੂ : ਉਹ ਤੇ ਹੈ!

ਪੀਲੂ: : ਤੇ ਮਾਲਕ ਜਿਸ ਲੜਕੇ ਨਾਲ ਉਹਦਾ ਵਿਆਹ ਕਰਨਾ ਚਾਹੁੰਦੇ ਨੇ, ਉਹ ਲੜਕਾ ਵਿਆਹ ਕਰਨ ਲਈ ਤਿਆਰ ਨਹੀਂ, ਕਿਉਂਕਿ ਕੁੜੀ ਬੀਮਾਰ ਏ। ਕੁੜੀ ਦੀ ਬੀਮਾਰੀ ਠੀਕ ਹੋਣ ਨਾਲ ਉਹਦਾ ਵਿਆਹ ਹੋ ਜਾਵੇਗਾ ਤੇ ਆਪਾਂ ਇਨਾਮ ਦੇ ਹੱਕਦਾਰ ਹੋ ਜਾਵਾਂਗੇ। ਰਵੀ ਸੋਹਣਾ ਸੁਨੱਖਾ ਮੁੰਡਾ ਏ ਤੇ ਆਪਣੇ ਮਾਲਕ ਨੂੰ ਪਸੰਦ ਵੀ ਏ, ਪਰ ਜਦੋਂ ਕਿ ਪ੍ਰੀਤੀ, ਮਾਲਕ ਦੀ ਕੁੜੀ! ਪ੍ਰੇਮ ਨਾਂ ਦੇ ਲੜਕੇ ਨੂੰ ਚਾਹੁੰਦੀ ਏ। ਪਰ ਸਾਡਾ ਮਾਲਕ ਪ੍ਰੇਮ ਨੂੰ ਕਦੇ ਵੀ ਜਵਾਈ ਬਣਾਉਣ ਲਈ ਤਿਆਰ ਨਹੀਂ ਹੋਵੇਗਾ। (ਅੱਕੀ ਦਾ ਸਟੇਜ ਤੇ ਪ੍ਰਵੇਸ਼)

ਅੱਕੀ : *(ਆਪਣੇ ਆਪ ਵਿਚ)* ਕੀ ਮੈਨੂੰ ਆਪਣੇ ਘਰ ਵਾਲੇ ਤੋਂ ਬਦਲਾ ਲੈਣ ਦਾ ਕੋਈ ਤਰੀਕਾ ਨਹੀਂ ਲੱਭੇਗਾ?

ਕਾਲੂ : ਬਈ ਮਾਲਕ ਦਾ ਵੀ ਕੋਈ ਪਤਾ ਨਹੀਂ ਲੱਗਦਾ। ਸੱਚ ਤਾਂ ਇਹ ਏ ਕਿ ਲੜਕੀ ਨੂੰ ਠੀਕ ਕਰਨ ਦੇ ਚੱਕਰ ਵਿਚ ਇੱਥੋਂ ਦੇ ਵਧੀਆ ਤੋਂ ਵਧੀਆ ਡਾਕਟਰ ਵੀ ਨੱਸ ਗਏ, ਫੇਰ ਉਹ ਸਾਨੂੰ ਇਕ ਹੋਰ ਨਵੇਂ ਡਾਕਟਰ ਨੂੰ ਲੱਭਣ ਦੇ ਚੱਕਰ 'ਚ ਕਿਉਂ ਘੁਮਾ ਰਹੇ ਨੇ?

ਪੀਲੂ : ਭਰਾਵਾ, ਇਹ ਦੁਨੀਆਂ ਤਾਂ ਹੈ ਈ ਇਸ ਤਰ੍ਹਾਂ ਦੀ! ਜੇ ਤੁਸੀਂ ਮੰਗਣ ਲੱਗੋ ਤਾਂ ਇੱਕ ਪੈਸਾ ਤੱਕ ਵੀ ਨਹੀਂ ਮਿਲਦਾ। ਜੇ ਮਿਲਣ ਤੇ ਆ ਜਾਵੇ ਤਾਂ ਭਾਵੇਂ ਰਾਹ ਜਾਂਦਿਆਂ ਈ ਹੀਰਾ ਮਿਲ ਜਾਵੇ।

ਅੱਕੀ : *(ਆਪਣੇ ਆਪ ਵਿਚ ਤੁਰੀ ਜਾਂਦੀ ਬੋਲਦੀ ਹੈ)* ਜੋ ਮਰਜ਼ੀ ਏ ਹੋ ਜਾਵੇ, ਬਦਲਾ ਤੇ ਮੈਂ ਲਵਾਂਗੀ ਹੀ। ਡੰਡੇ ਤੇ ਛਿੱਤਰਾਂ ਦੀ ਕੁੱਟ ਨੇ ਮੇਰੇ ਢਿੱਡ ਵਿਚ ਖਲਬਲੀ ਮਚਾਈ ਹੋਈ ਏ। ਇਹਨਾਂ ਨੂੰ ਹਜ਼ਮ ਕਰਨਾ ਮੇਰੇ ਵੱਸ ਦੀ ਗੱਲ ਨਹੀ। *(ਆਪਣੇ ਖਿਆਲਾਂ 'ਚ ਗੁਆਚੀ ਹੋਈ ਕਾਲੂ ਅਤੇ ਪੀਲੂ ਨਾਲ ਟਕਰਾ ਜਾਂਦੀ ਹੈ)* ਓਹੋ!... ਮੁਆਫ਼ ਕਰਨਾ ਭਾਈ ਸਾਅਬ, ਆਪਣੀਆਂ ਸੋਚਾਂ ਵਿਚ ਐਸੀ ਉਲਝੀ ਕਿ ਤੁਹਾਨੂੰ ਵੇਖ ਈ ਨਾ ਸਕੀ।

ਪੀਲੂ : ਜੀ, ਹਰ ਇੱਕ ਦੀਆਂ ਆਪੋ ਆਪਣੀਆਂ ਪ੍ਰੇਸ਼ਾਨੀਆਂ ਹੁੰਦੀਆਂ ਨੇ। ਅਸੀਂ ਵੀ ਆਪਣੀ ਪਰੇਸ਼ਾਨੀ ਨਾਲ ਪਰੇਸ਼ਾਨ ਹਾਂ, ਕੁਝ ਵੀ ਸਮਝ ਨਹੀਂ ਆਉਂਦਾ ਕਿ ਕੀ ਕਰੀਏ?

ਅੱਕੀ : ਕੀ ਮੈਂ ਤੁਹਾਡੀ ਕੋਈ ਮਦਦ ਕਰ ਸਕਦੀ ਹਾਂ?

ਕਾਲੂ : ਸ਼ਾਇਦ ਕਰ ਸਕੋ। ਸਾਨੂੰ ਇਕ ਐਸੇ ਡਾਕਟਰ ਦੀ ਭਾਲ ਹੈ, ਜੋ ਸਾਡੇ ਮਾਲਕ ਦੀ ਲੜਕੀ ਦਾ ਇਲਾਜ ਕਰ ਸਕੇ। ਉਹ ਗੂੰਗੀ ਹੋ ਗਈ ਏ। ਵੱਡੇ ਵੱਡੇ ਡਾਕਟਰ ਉਹਦਾ ਇਲਾਜ ਕਰ ਚੁੱਕੇ ਨੇ, ਪਰ ਕੋਈ ਫਾਇਦਾ ਨਹੀਂ ਹੋਇਆ ਤੇ ਉਹ ਹਾਲੇ ਤੱਕ ਗੂੰਗੀ ਏ। ਇਸ ਲਈ ਸਾਨੂੰ ਇਕ ਐਸਾ ਡਾਕਟਰ ਚਾਹੀਦਾ ਏ, ਜੋ ਉਹ ਸਭ ਕੁਝ ਕਰ ਸਕੇ, ਜੋ ਦੂਜੇ ਡਾਕਟਰ ਨਹੀਂ ਕਰ ਸਕੇ। ਮੇਰੇ ਕਹਿਣ ਦਾ ਮਤਲਬ ਇਹ ਕਿ ਉਹਦੇ ਗੂੰਗੇਪਣ ਨੂੰ ਪੂਰੀ ਤਰ੍ਹਾਂ ਠੀਕ ਕਰ ਦੇਵੇ।

ਅੱਕੀ : *(ਇਕ ਪਾਸੇ ਵੱਲ)* ਵਾਹ! ਕਿਸਮਤ ਹੋਵੇ ਤਾਂ ਇਹੋ ਜਿਹੀ, ਉਸ ਕਮੀਨੇ ਬੰਦੇ ਤੋਂ ਬਦਲਾ ਲੈਣ ਦਾ ਇਹਦੇ ਨਾਲੋਂ ਸੁਨਹਿਰੀ ਮੌਕਾ ਹੋਰ ਕਿੱਥੇ ਮਿਲੂ? (ਦੋਹਾਂ ਨੂੰ) ਭਾਈ ਸਾਹਿਬ ਤੁਸੀਂ ਲੋਕ ਸਹੀ ਥਾਂ ਤੇ ਪਹੁੰਚੇ ਹੋ, ਉਹ ਬਿਲਕੁਲ ਇਸ ਤਰ੍ਹਾਂ ਦਾ ਏ ਜਿਸ ਤਰ੍ਹਾਂ ਦਾ ਡਾਕਟਰ ਤੁਹਾਨੂੰ ਚਾਹੀਦਾ ਏ; ਬਲਕਿ ਇਹ ਕਹਿਣਾ ਠੀਕ ਹੋਵੇਗਾ ਕਿ ਉਹ ਉਹੀ ਹੈ ਜਿਸ ਨੂੰ ਤੁਸੀਂ ਲੱਭ ਰਹੇ ਹੋ। ਇੱਥੇ ਇੱਕ ਐਸਾ ਆਦਮੀ ਹੈ ਕਿ ਦੁਨੀਆਂ ਭਰ ਵਿਚ ਆਪਣੀ ਤਰ੍ਹਾਂ ਦਾ ਇਕੋ ਇੱਕ ਡਾਕਟਰ ਸਾਮਝੋ। ਉਹ ਹਰ ਬੀਮਾਰੀ ਦਾ ਇਲਾਜ ਚੁਟਕੀ ਵਜਾਉਂਦਿਆਂ ਹੀ ਕਰ ਦਿੰਦਾ ਏ। ਬੱਸ ਹੁਣ ਤੁਸੀਂ ਕੋਈ ਫਿਕਰ ਨਾ ਕਰੋ।

ਪੀਲੂ : ਵਾਹ! ਕਿੱਥੇ ਮਿਲੇਗਾ ਉਹ?

ਅੱਕੀ : ਇਸ ਵੇਲੇ ਤੇ ਉਹ ਆਪਣਾ ਟਾਈਮ ਪਾਸ ਕਰਨ ਲਈ ਓਧਰ ਲੱਕੜਾਂ ਕੱਟ ਰਿਹੈ!

ਕਾਲੂ : ਲੱਕੜਾਂ ਕੱਟਣ ਵਾਲਾ, ਡਾਕਟਰ?

ਪੀਲੂ : ਇਕਾਂਤ ਪਸੰਦ ਆਦਮੀ ਲੱਗਦੈ?

ਅੱਕੀ : ਜੀ ਨਹੀਂ, ਉਹ ਬੜਾ ਈ ਅਜੀਬ ਆਦਮੀ ਏ। ਉਹਨੂੰ ਇਸ ਕੰਮ ਵਿਚ ਮਜ਼ਾ ਆਉਂਦਾ ਹੈ। ਇੱਕ ਬੜਾ ਹੀ ਜੀਅ-ਦਾਰ ਤੇ ਮਸਤ-ਮੌਲਾ ਬੰਦਾ ਏ ਉਹ। ਜਿਸ ਤਰ੍ਹਾਂ ਦਾ ਵੇਖਣ ਵਿਚ ਏ ਨਾ, ਉਸ ਤਰ੍ਹਾਂ ਦਾ ਨਹੀਂ ਉਹ। ਅਸਲੀਅਤ

ਕੁਝ ਹੋਰ ਹੀ ਏ। ਅਜੀਬ ਕਪੜਿਆਂ ਕਰਕੇ ਥੋੜ੍ਹਾ ਲਾਪਰਵਾਹ ਲਗਦਾ ਏ। ਬੱਸ ਇੱਕੋ ਹੀ ਵੱਡੀ ਕਮੀ ਏ ਉਹਦੇ 'ਚ; ਉਹ ਇਹ ਕਿ ਆਪਣਾ ਗਿਆਨ ਉਹ ਆਪਣੇ ਤੱਕ ਹੀ ਸੀਮਿਤ ਰੱਖਦਾ ਏ। ਉਹਦੇ ਕੋਲ ਇਹੋ ਜਿਹੇ ਨੁਸਖੇ ਨੇ, ਜਿਹੜੇ ਧੰਨਤਰ ਵੈਦ ਕੋਲ ਵੀ ਨਹੀਂ ਹੋਣੇ, ਪਰ ਉਹ ਦੱਸਦਾ ਕਿਸੇ ਨੂੰ ਨਹੀਂ।

ਪੀਲੂ : ਇਹ ਕਿੰਨੀ ਹੈਰਾਨੀ ਵਾਲੀ ਗੱਲ ਏ! ਜਿੰਨੇ ਵੀ ਮਹਾਨ ਲੋਕ ਹੁੰਦੇ ਨੇ, ਸਾਰਿਆਂ ਵਿਚ ਕੋਈ ਨਾ ਕੋਈ ਗੜਬੜ ਜ਼ਰੂਰ ਹੁੰਦੀ ਏ।

ਅੱਕੀ : ਇਸ ਆਦਮੀ ਦੀ ਗੜਬੜ ਤਾਂ ਯਕੀਨ ਤੋਂ ਬਾਹਰੀ ਏ। ਕਈ ਵਾਰ ਤਾਂ ਉਹਦੇ ਸਿਰ ਤੇ ਐਸਾ ਭੂਤ ਸਵਾਰ ਹੋ ਜਾਂਦਾ ਏ ਕਿ ਜਦੋਂ ਤੱਕ ਉਹ ਰੱਜ ਕੇ ਛਿੱਤਰ ਨਾ ਖਾ ਲਵੇ ਉਹ ਆਪਣੀ ਲਿਆਕਤ ਮੰਨਦਾ ਹੀ ਨਹੀਂ। ਤੁਸੀਂ ਵੀ ਸੁਣ ਲਵੋ ਜੇ ਇਸ ਵੇਲੇ ਵੀ ਉਹੀ ਭੂਤ ਸਵਾਰ ਹੋਇਆ ਤਾਂ ਉਹ ਉਦੋਂ ਤੱਕ ਨਹੀਂ ਮੰਨੇਗਾ ਕਿ ਉਹ ਡਾਕਟਰ ਏ ਜਦੋਂ ਤੱਕ ਤੁਸੀਂ ਉਸ ਨੂੰ ਕੁਟਾਪਾ ਨਹੀਂ ਚਾੜ੍ਹ ਲੈਂਦੇ। ਲੋੜ ਪੈਣ ਤੇ ਲੋਕ ਉਹਦੇ ਨਾਲ ਇਸੇ ਤਰ੍ਹਾਂ ਈ ਕਰਦੇ ਨੇ।

ਪੀਲੂ : ਬੜੀ ਅਜੀਬੋ-ਗਰੀਬ ਗੜਬੜ ਏ।

ਅੱਕੀ : ਪਰ ਇਹ ਹੈ ਸੱਚ। ਇਸ ਤੋਂ ਮਗਰੋਂ ਤੁਸੀਂ ਉਹਦੇ ਚਮਤਕਾਰ ਵੇਖ ਕੇ ਉਹਦੀ ਸਾਰੀ ਗੜਬੜ ਭੁੱਲ ਕੇ ਹੈਰਾਨ ਹੋ ਜਾਵੋਗੇ।

ਪੀਲੂ : ਉਹਦਾ ਨਾਂ ਕੀ ਏ ਭਲਾ?

ਅੱਕੀ : ਉਹਦਾ ਨਾਂ ਏ ਬੁੱਧੂ। ਉਹਨੂੰ ਲੱਭਣ ਵਿਚ ਤੁਹਾਨੂੰ ਕੋਈ ਮੁਸ਼ਕਲ ਨਹੀਂ ਆਵੇਗੀ। ਹਰਾ ਕੁਰਤਾ ਤੇ ਪੀਲਾ ਪਰਨਾ ਪਾਈ ਤੁਹਾਨੂੰ ਉਹ ਲੱਕੜਾਂ ਕੱਟਦਾ ਮਿਲ ਜਾਊ।

ਕਾਲੂ : ਪੀਲਾ ਪਰਨਾ ਤੇ ਹਰਾ ਕੁਰਤਾ? ਉਹ ਜ਼ਰੂਰ ਤੋਤਿਆਂ ਦਾ ਡਾਕਟਰ ਹੋਊ।

ਪੀਲੂ : ਪਰ ਕੀ ਇਹ ਵਾਕਿਆ ਈ ਸੱਚ ਏ ਕਿ ਉਹ ਓਨਾ ਈ ਕਾਬਿਲ ਏ ਜਿੰਨਾ ਤੁਸੀਂ ਦੱਸ ਰਹੇ ਹੋ?

ਅੱਕੀ : ਹਜ਼ੂਰ ਚਮਤਕਾਰਾਂ ਦੀ ਖਾਣ ਹੈ ਉਹ ਬੰਦਾ। ਅਜੇ ਛੇ ਮਹੀਨੇ ਹੋਏ, ਇਕ ਔਰਤ ਨੇ ਸਾਰੇ ਡਾਕਟਰਾਂ ਦੀ ਡਾਕਟਰੀ ਨੂੰ ਮਾਤ ਪਾ ਦਿਤੀ ਤੇ ਮਰ ਗਈ। ਛੇ ਘੰਟਿਆਂ ਤੱਕ ਉਹਦੇ ਘਰ ਵਾਲੇ ਇਹੀ ਸਮਝਦੇ ਰਹੇ ਕਿ ਉਹ ਮਰ ਗਈ ਏ। ਉਹਨਾਂ ਨੇ ਉਹਦੇ ਸਸਕਾਰ ਦੀਆਂ ਤਿਆਰੀਆਂ ਵੀ ਕਰਨੀਆਂ ਸ਼ੁਰੂ ਕਰ ਦਿੱਤੀਆਂ। ਪਰ ਅਸੀਂ ਉਸੇ ਵੇਲੇ ਉਸ ਚਮਤਕਾਰੀ ਆਦਮੀ ਨੂੰ ਕੁੱਟ ਕੁੱਟ ਕੇ, ਧੂਹ ਕੇ, ਘਸੀਟ ਕੇ ਉਥੇ ਲੈ ਗਏ। ਫਿਰ ਉਹਨੇ ਉਸ ਔਰਤ ਨੂੰ ਇਕ ਵਾਰੀ ਚੰਗੀ ਤਰ੍ਹਾਂ ਵੇਖਿਆ ਤੇ ਉਹਦੇ ਮੂੰਹ ਵਿਚ ਕਿਸੇ ਚਮਤਕਾਰੀ ਚੀਜ਼ ਦੀਆਂ ਦੋ ਬੂੰਦਾਂ ਪਾਈਆਂ। ਮੈਂ ਕਿਹਾ ਜੀ, ਉਹ ਔਰਤ ਉੱਠੀ ਤੇ ਉੱਠ ਕੇ ਕਮਰੇ 'ਚ ਇੰਜ ਟਹਿਲਣ ਲੱਗੀ ਜਿਵੇਂ ਕੁਝ ਹੋਇਆ ਹੀ ਨਾ ਹੋਵੇ।

ਕਾਲੂ : ਵਾਹ!

ਪੀਲੂ : ਉਹ ਜ਼ਰੂਰ ਅੰਮ੍ਰਿਤ ਦੀਆਂ ਬੂੰਦਾਂ ਹੋਣਗੀਆਂ।

ਅੱਕੀ : ਹੋ ਸਕਦੈ। ਅਜੇ ਛੇ ਹਫ਼ਤੇ ਪਹਿਲਾਂ ਦੀ ਗੱਲ ਏ ਕਿ ਛੇ ਸਾਲ ਦਾ ਇਕ ਨਿੱਕਾ ਜਿਹਾ ਮੁੰਡਾ ਕੋਠੇ ਦੀ ਛੇਵੀਂ ਮੰਜ਼ਿਲ ਤੋਂ ਹੇਠਾਂ ਡਿੱਗ ਪਿਆ ਤੇ ਆਪਣੇ ਹੱਥ-ਪੈਰ ਤੁੜਵਾ ਬੈਠਾ। ਜਿਉਂ ਹੀ ਇਹ ਆਦਮੀ ਉਥੇ ਪਹੁੰਚਾ, ਇਹਨੇ ਆਪਣੀ ਕੋਈ ਮਰਹਮ ਵਗੈਰਾ ਤਿਆਰ ਕੀਤੀ ਤੇ ਲੜਕੇ ਦੇ ਸਾਰੇ ਸਰੀਰ ਤੇ ਮਲ ਦਿੱਤੀ। ਮੈਂ ਕਿਹਾ ਜੀ, ਉਹ ਲੜਕਾ ਇਕ ਦਮ ਉਠਿਆ ਤੇ ਦੌੜ੍ਹ ਕੇ ਫੇਰ ਕੋਠੇ ਦੀ ਛੇਵੀਂ ਮੰਜ਼ਿਲ 'ਤੇ ਚੜ੍ਹ ਗਿਆ।

ਕਾਲੂ :ਵਾਹ!

ਪੀਲੂ :ਇਸ ਆਦਮੀ ਕੋਲ ਜ਼ਰੂਰ ਸਾਰੀਆਂ ਬੀਮਾਰੀਆਂ ਦਾ ਇਲਾਜ ਹੋਊ!

ਅੱਕੀ :ਇਹਦੇ 'ਚ ਕੀ ਸ਼ੱਕ ਏ!

ਕਾਲੂ : ਅੱਛਾ? ਐਸਾ ਡਾਕਟਰ ਹੀ ਤੇ ਸਾਨੂੰ ਚਾਹੀਦਾ ਸੀ!

ਪੀਲੂ : ਅਸੀਂ ਤੁਹਾਡੇ ਬੜੇ ਸ਼ੁਕਰਗੁਜ਼ਾਰ ਹਾਂ ਕਿ ਤੁਸੀਂ ਸਾਡੀ ਮਦਦ ਕੀਤੀ।

ਅੱਕੀ : ਕੋਈ ਨਹੀਂ ਜੀ ਕੋਈ ਨਹੀਂ, ਆਖ਼ਿਰ ਬੰਦਾ ਈ ਤੇ ਬੰਦੇ ਦਾ ਦਾਰੂ ਏ। ਪਰ ਜਿਹੜੀਆਂ ਸਾਵਧਾਨੀਆਂ ਮੈਂ ਤੁਹਾਨੂੰ ਦੱਸੀਆਂ ਨੇ, ਉਹਨਾਂ ਨੂੰ ਯਾਦ ਜ਼ਰੂਰ ਰੱਖਿਓ।

ਕਾਲੂ : ਉਹ ਤੁਸੀਂ ਸਾਡੇ ਤੇ ਛੱਡੋ ਜੀ। ਜੇ ਉਹ ਸਿਰਫ਼ ਕੁੱਟ ਖਾਣ ਦਾ ਈ ਭੁੱਖਾ ਏ; ਤਾਂ ਅਸੀਂ ਉਹਦਾ ਢਿੱਡ ਭਰ ਦਿਆਂਗੇ।
*(ਅੱਕੀ ਜਾਂਦੀ ਹੈ)*

ਪੀਲੂ : ਚੰਗਾ ਹੋਇਆ ਜੋ ਇਹ ਔਰਤ ਸਾਨੂੰ ਮਿਲ ਗਈ। ਮੈਨੂੰ ਤੇ ਕਾਫ਼ੀ ਉਮੀਦ ਬੱਝ ਗਈ ਏ।

ਕਾਲੂ : ਮੈਨੂੰ ਵੀ! ਚੱਲੀਏ ਫਿਰ?

ਪੀਲੂ : ਚੱਲ ।

(ਫੇਡ ਆਊਟ)

## ਦ੍ਰਿਸ਼ ਚੌਥਾ

*{ਮੰਚ ਤੇ ਰੌਸ਼ਨੀ ਹੋਣ ਤੋਂ ਪਹਿਲਾਂ ਲੱਕੜਾਂ ਕੱਟਣ ਦੀ ਟੱਕ ਟੱਕ ਦੀ ਆਵਾਜ਼ ਆ ਰਹੀ ਹੈ। ਮੰਚ ਰੌਸ਼ਨੀ ਹੋਣ ਤੇ ਬੁੱਧੂ ਸਟੇਜ 'ਤੇ ਹੱਥ ਵਿਚ ਬੋਤਲ ਲਈ ਆਉਂਦਾ ਹੈ। ਕਾਲੂ ਤੇ ਪੀਲੂ ਨੂੰ ਬਿਨਾਂ ਵੇਖਿਆਂ ਗੀਤ ਦੀਆਂ ਲਾਈਨਾਂ ਗੁਣਗੁਣਾਉਂਦਾ ਹੈ}*

ਪੀਲੂ : ਮੈਨੂੰ ਕਿਸੇ ਦੇ ਗਾਉਣ ਦੀ ਆਵਾਜ਼ ਸੁਣ ਰਹੀ ਏ।

ਕਾਲੂ : ਤੇ ਮੈਨੂੰ ਲੱਕੜਾਂ ਕੱਟਣ ਦੀ। ਉਏ ਹੁਣ ਤੱਕ ਤੇ ਲੱਕੜਾਂ ਕੱਟਣ ਦੀ ਆਵਾਜ਼ ਆ ਰਹੀ ਸੀ !

ਬੁੱਧੂ : (ਗਾਉਂਦਾ ਹੈ) ......। ਕੰਮ ਤੇ ਹੋ ਗਿਆ ਏ, ਕਿਉਂ ਨਾ ਹੁਣ ਥੋੜ੍ਹੀ ਜਿਹੀ ਪੀਤੀ ਜਾਵੇ। ਇਹ ਸਾਲਾ ਲੱਕੜਾਂ ਕੱਟਣਾ ਵੀ ਮੁਸੀਬਤ ਏ। ਇੱਕ ਤੇ ਇਹਦੇ ਨਾਲ ਥੋੜ੍ਹਾ ਆਰਾਮ ਹੋ ਜਾਵੇਗਾ...ਨਾਲੇ ਦਾਰੂ ਦੀ ਤੇ ਗੱਲ ਈ ਹੋਰ ਏ!

ਪੀਲੂ : ਇਹੀ ਆ ਉਹ।

ਕਾਲੂ : ਤੂੰ ਕਹਿ ਤੇ ਸਹੀ ਰਿਹਾ ਏਂ, ਮੈਨੂੰ ਤਾਂ ਉਹਦੀ ਖ਼ੁਸ਼ਬੂ ਵੀ ਆ ਰਹੀ ਏ (ਸੁੰਘਦਾ ਹੈ)।

ਬੁੱਧੂ : (ਬੋਤਲ ਨੂੰ) ਬੱਲੇ ਨੀ ਮੇਰੀਏ ਮੋਰਨੀਏ! ਵਾਹ ਨੀ ਮੇਰੀਏ ਬੋਤਲੇ! ਮੈਂ ਵਾਰੀ ਜਾਵਾਂ ਤੇਰੀ ਹਰ ਅਦਾ ਤੇ! ਬੱਸ ਤੂੰ ਇਸੇ ਤਰ੍ਹਾਂ ਭਰੀ ਭਰੀ ਦਿਸਦੀ ਰਹਿ ਤੇ ਮੈਂ ਤੈਨੂੰ ਘੁੱਟ ਘੁੱਟ ਕਰਕੇ ਪੀਂਦਾ ਰਹਾਂ। (ਦੋਵਾਂ ਨੂੰ ਵੇਖਦਾ ਹੈ ਆਪਣੇ ਆਪ 'ਚ)। ਦੁਨੀਆਂ ਦੇ ਸਾਰੇ ਮਰਦ ਮੇਰੀ ਕਿਸਮਤ ਨੂੰ ਵੇਖ ਕੇ ਸੜ ਬਲ ਕੇ ਕੋਲਾ ਹੁੰਦੇ ਜਾਂਦੇ ਨੇ। ਪਰ ਇਹ ਇਥੇ ਕਿਉਂ ਆ ਟਪਕੇ?

ਪੀਲੂ : ਲੱਗਦਾ ਤੇ ਉਹੀ ਏ!

ਕਾਲੂ : ਮੈਂ ਕਿਹਾ ਉਹਦੇ ਸਰੀਰ ਦਾ ਇਕ ਇਕ ਅੰਗ ਉਹਦੇ ਮੂੰਹੋਂ ਨਿਕਲੇ ਇੱਕ ਇੱਕ ਸ਼ਬਦ ਨਾਲ ਮੇਲ ਖਾ ਰਿਹਾ ਏ।

ਬੁੱਧੂ : ਇਹ ਦੋਵੇਂ ਘੁਸਰ-ਮੁਸਰ ਕਰਦੇ ਹੋਏ ਮੈਨੂੰ ਬੜੇ ਗ਼ੌਰ ਨਾਲ ਵੇਖ ਰਹੇ ਨੇ, ਆਖ਼ਿਰ ਇਹਨਾਂ ਦਾ ਇਰਾਦਾ ਕੀ ਏ? (ਦੋਵੇਂ ਡਰਦੇ ਡਰਦੇ ਕੋਲ ਆਉਂਦੇ ਹਨ)

ਪੀਲੂ : ਹਜ਼ੂਰ, ਤੁਹਾਡਾ ਹੀ ਨਾਂ ਬੁੱਧੂ ਏ ਨਾਂ?

ਬੁੱਧੂ : ਹੈਂ? ਕੀ ਕਿਹਾ?

ਕਾਲੂ : ਅਸਾਂ ਪੁੱਛਿਆ ਸੀ ਕਿ ਕਿਤੇ ਤੁਹਾਡਾ ਨਾਂ ਬੁੱਧੂ ਤੇ ਨਹੀਂ?

ਬੁੱਧੂ : ਹੈ ਵੀ ਤੇ ਨਹੀਂ ਵੀ। ਇਹ ਦੱਸਣ ਤੋਂ ਪਹਿਲਾਂ ਮੈਂ ਇਹ ਜਾਨਣਾ ਚਾਹੁੰਦਾ ਹਾਂ ਕਿ ਤੁਸੀਂ ਉਸ ਤੋਂ ਕੀ ਚਾਹੁੰਦੇ ਹੋ?

ਪੀਲੂ : ਕੁਝ ਨਹੀਂ ਜੀ, ਬੱਸ, ਜਿੰਨਾ ਵੀ ਹੋ ਸਕੇ, ਉਸਦਾ ਸਨਮਾਨ ਕਰਨਾ ਚਾਹੁੰਦੇ ਹਾਂ।

ਬੁੱਧੂ : ਫੇਰ ਤੇ ਬੁੱਧੂ ਮੈਂ ਹੀ ਹਾਂ ਕਿ?

ਪੀਲੂ : ਹਜ਼ਰੂ, ਅਸੀਂ ਤੁਹਾਨੂੰ ਮਿਲਣ ਆਏ ਹਾਂ। ਅਸੀਂ ਸੁਣਿਆ ਏ ਕਿ ਜਿਸ ਆਦਮੀ ਦੀ ਸਾਨੂੰ ਭਾਲ ਏ, ਉਹ ਤੁਸੀਂ ਹੀ ਹੋ! ਸਾਨੂੰ ਤੁਹਾਡੀ ਮਦਦ ਦੀ ਸਖ਼ਤ ਲੋੜ ਏ।

ਬੁੱਧੂ : ਜਨਾਬ ਜੇ ਮੈਂ ਤੁਹਾਡੇ ਕਿਸੇ ਕੰਮ ਆ ਸਕਦਾ ਹਾਂ ਤਾਂ ਮੈਂ ਸੇਵਾ ਲਈ ਹਾਜ਼ਰ ਹਾਂ।

ਪੀਲੂ : ਇਹ ਤੇ ਤੁਹਾਡਾ ਵਡੱਪਣ ਏ ਜੀ। ਪਰ ਤੁਸੀਂ ਜ਼ਰਾ ਆਪਣੇ ਆਪ ਨੂੰ ਇਧਰ ਲੈ ਆਵੋ, ਛਾਵੇਂ।

ਕਾਲੂ : ਹਜ਼ੂਰ, ਮਤਲਬ ਇਹ ਕਿ ਆਪਣੀ ਕੋਮਲ ਦੇਹੀ ਨੂੰ ਸੂਰਜ ਦੀ ਗਰਮੀ ਤੋਂ ਬਚਾਓ।

ਬੁੱਧੂ : *(ਆਪਣੇ ਆਪ 'ਚ)* ਅੱਜ ਕਿਹੋ ਜਿਹੇ ਬੰਦਿਆਂ ਨਾਲ ਵਾਹ ਪੈ ਗਿਆ ਏ, ਖ਼ੈਰ!

ਪੀਲੂ : ਹਜ਼ੂਰ ਤੁਹਾਨੂੰ ਹੈਰਾਨ ਨਹੀਂ ਹੋਣਾ ਚਾਹੀਦਾ। ਕਿਉਂਕਿ ਜ਼ਰੂਰਤਮੰਦ ਲੋਕ ਹਮੇਸ਼ਾਂ ਹੀ ਹੁਨਰਮੰਦ ਲੋਕਾਂ ਨੂੰ ਲੱਭਦੇ ਨੇ। ਤੇ ਸਾਨੂੰ ਤੁਹਾਡੇ ਹੁਨਰ ਵਿਚ ਕੋਈ ਸ਼ੱਕ ਨਹੀਂ।

ਬੁੱਧੂ : ਜੀ ਹਾਂ ਜਨਾਬ! ਜਿੱਥੋਂ ਤੱਕ ਲੱਕੜਾਂ ਦੀਆਂ ਗੱਠਾਂ ਬਨਾਉਣ ਦਾ ਸਵਾਲ ਏ। ਦੁਨੀਆਂ ਭਰ ਵਿਚ ਤੁਹਾਨੂੰ ਮੇਰੇ ਜੋੜ ਦਾ ਬੰਦਾ ਨਹੀਂ ਮਿਲ ਸਕਦਾ।

ਕਾਲੂ ਤੇ ਪੀਲੂ : *(ਇਕੱਠੇ)* ਪਰ ਜਨਾਬ...

ਬੁੱਧੂ : ਖ਼ਰੀਦਦਾਰ ਉਹਦੇ ਵਿਚ ਇਕ ਵੀ ਨੁਕਸ ਨਹੀਂ ਕੱਢ ਸਕਦਾ। ਇਸੇ ਯਤਨ ਵਿਚ ਮੈਂ ਕੋਈ ਕਸਰ ਰਹਿਣ ਈ ਨਹੀਂ ਦਿੰਦਾ।

ਪੀਲੂ : ਪਰ ਹਜ਼ੂਰ, ਗੱਲ ਇਹ ਨਹੀਂ ਹੈ।

ਬੁੱਧੂ : ਕੀਮਤ ਸਿਰਫ਼ ਤੀਹ ਰੁਪਏ ਦੀਆਂ ਇੱਕ ਮਣ ਲੱਕੜਾਂ।

ਕਾਲੂ : ਮੈਂ ਕਿਹਾ ਜੀ ਹੁਣ ਛੱਡੋ ਵੀ ਇਸ ਗੱਲ ਨੂੰ।

ਬੁੱਧੂ : ਨਾ ਜੀ ਨਾ, ਇਹਦੇ ਨਾਲੋਂ ਘੱਟ ਮੁੱਲ ਤੇ ਮੈਂ ਬਿਲਕੁਲ ਨਹੀਂ ਦੇਵਾਂਗਾ।

ਪੀਲੂ : ਹਜ਼ੂਰ, ਅਸੀਂ ਜਾਣਦੇ ਹਾਂ ਕਿ ਹਾਲਾਤ ਇਸ ਤਰ੍ਹਾਂ ਦੇ ਨੇ

ਬੁੱਧੂ : ਜੇ ਤੁਸੀਂ ਜਾਣਦੇ ਹੋ ਕਿ ਹਾਲਾਤ ਇਸ ਤਰ੍ਹਾਂ ਦੇ ਨੇ ਤਾਂ ਫਿਰ ਤੁਸੀਂ ਇਹ ਵੀ ਜਾਣਦੇ ਹੋਵੋਗੇ ਕਿ ਮੈਂ ਇਹਨਾਂ ਨੂੰ ਇਸੇ ਤਰ੍ਹਾਂ ਹੀ ਵੇਚਦਾ ਹਾਂ।

ਕਾਲੂ : ਹਜ਼ੂਰ, ਤੁਸੀਂ ਤੇ ਮਜ਼ਾਕ ਕਰ ਰਹੇ ਹੋ ਪਰ...

ਬੁੱਧੂ : ਮੈਂ ਮਜ਼ਾਕ ਨਹੀਂ ਕਰ ਰਿਹਾ, ਕਿਉਂਕਿ ਮੈਂ ਇਹਨਾਂ ਦਾ ਆਚਾਰ ਨਹੀਂ ਪਾਉਣਾ।

ਪੀਲੂ : ਚਲੋ ਛੱਡੋ ਕੋਈ ਹੋਰ ਗੱਲ ਕਰਦੇ ਹਾਂ।

ਬੁੱਧੂ : ਤੁਹਾਨੂੰ ਹੋਰ ਵੀ ਕਈ ਥਾਂ ਲੱਕੜਾਂ ਮਿਲ ਸਕਦੀਆਂ ਨੇ ਪਰ ਜਿਹੋ ਜਿਹੀਆਂ ਮੈਂ ਕੱਟਦਾ ਹਾਂ....।

ਕਾਲੂ : ਹਜ਼ੂਰ! ਜੇ ਆਪਾਂ ਇਸ ਵਿਸ਼ੇ 'ਤੇ ਗੱਲਬਾਤ ਬੰਦ ਕਰ ਦੇਈਏ ਤਾਂ ਕਿਵੇਂ ਰਹੇਗਾ?

ਬੁੱਧੂ : ਪਰ ਮੈਂ ਇਹਦੇ ਨਾਲੋਂ ਇੱਕ ਵੀ ਪੈਸਾ ਘੱਟ ਲੈਣ ਨੂੰ ਤਿਆਰ ਨਹੀਂ।

ਪੀਲੂ : ਮੈਂ ਕਿਹਾ ਹਜ਼ੂਰ ਹੁਣ ਛੱਡੋ ਵੀ ਇਸ ਗੱਲ ਨੂੰ...।

ਬੁੱਧੂ : ਵੇਖੋ ਜਨਾਬ, ਇੰਨੇ ਪੈਸੇ ਤੇ ਤੁਹਾਨੂੰ ਦੇਣੇ ਹੀ ਪੈਣਗੇ। ਮੈਂ ਬਹੁਤ ਇਮਾਨਦਾਰ ਬੰਦਾ ਹਾਂ। ਪੈਸੇ ਜ਼ਿਆਦਾ ਨਹੀਂ ਮੰਗਦਾ।

ਕਾਲੂ : ਇੱਕ ਗੱਲ ਦੱਸੋ। ਤੁਹਾਡੇ ਵਰਗੇ ਕਾਬਿਲ ਤੇ ਹੋਣਹਾਰ ਆਦਮੀ ਨੂੰ ਇੱਕ ਲੱਕੜਹਾਰਾ ਬਣਨਾ ਤੇ ਇਸ ਤਰ੍ਹਾਂ ਦੀਆਂ ਬਚਕਾਨੀਆਂ ਹਰਕਤਾਂ ਕਰਨੀਆਂ ਭਲਾ ਸ਼ੋਭਾ ਦਿੰਦੀਆਂ ਨੇ? ਤੁਹਾਡੇ ਵਰਗਾ ਪ੍ਰਸਿੱਧ ਡਾਕਟਰ ਆਪਣੇ ਆਪ ਨੂੰ ਦੁਨੀਆਂ ਦੀਆਂ ਨਜ਼ਰਾਂ ਤੋਂ ਭਲਾ ਲੁਕੋ ਕੇ ਕਿਉਂ ਰੱਖਣਾ ਚਾਹੁੰਦਾ ਹੈ?

ਬੁੱਧੂ : *(ਆਪਣੇ ਆਪ ਵਿਚ)* ਮੈਨੂੰ ਇਹ ਆਦਮੀ ਬੇਵਕੂਫ਼ ਲੱਗਦੇ ਨੇ।

ਪੀਲੂ : ਹਜ਼ੂਰ ਸਾਨੂੰ ਟਰਕਾਓ ਨਾ।

ਬੁੱਧੂ : ਕੀ ?

ਕਾਲੂ : ਇਹਨਾਂ ਪੁੱਠੀਆਂ ਸਿੱਧੀਆਂ ਗੱਲਾਂ ਨਾਲ ਤੁਸੀਂ ਸਾਨੂੰ ਮੂਰਖ ਨਹੀਂ ਬਣਾ ਸਕਦੇ। ਜੋ ਤੁਹਾਡੇ ਢਿੱਡ ਵਿੱਚ ਨੇ, ਉਹ ਮੇਰੇ ਪੋਟਿਆਂ ਤੇ ਨੇ।

ਬੁੱਧੂ : ਅੱਛਾ! ਜ਼ਰਾ ਮੈਂ ਵੀ ਸੁਣਾਂ ਕਿ ਤੇਰੇ ਪੋਟਿਆਂ ਤੇ ਕੀ ਏ?

ਪੀਲੂ : ਓਹੀ ਕੁਝ ਜੋ ਤੁਸੀਂ ਅਸਲ ਵਿਚ ਹੋ। ਇਕ ਮਹਾਨ ਡਾਕਟਰ।

ਬੁੱਧੂ : ਡਾਕਟਰ ਤੇ ਮੈਂ? ਲਗਦੈ ਤੁਸੀਂ ਹੋਸ਼ ਵਿਚ ਨਹੀਂ ਹੋ। ਨਾ ਤੇ ਮੈਂ ਡਾਕਟਰ ਹਾਂ, ਨਾ ਕਦੇ ਸੀ ਅਤੇ ਨਾ ਹੀ ਕਦੇ ਹੋਵਾਂਗਾ।

ਪੀਲੂ : *(ਕਾਲੂ ਨੂੰ)* ਇਹੀ ਤੇ ਗੜਬੜ ਏ ਇਹਦੇ ਵਿਚ। *(ਬੁੱਧੂ ਨੂੰ)* ਵੇਖੋ, ਜੋ ਤੁਸੀਂ ਹੋ ਕਿਰਪਾ ਕਰਕੇ ਉਹਦੇ ਤੋਂ ਮੁਕਰੋ ਨਾ, ਨਹੀਂ ਤੇ ਸਾਨੂੰ ਤੁਹਾਡਾ ਇਲਾਜ ਕਰਨ ਲਈ ਮਜਬੂਰ ਹੋਣਾ ਪਵੇਗਾ।

ਬੁੱਧੂ : ਇਲਾਜ? ਕਿਹੜਾ ਇਲਾਜ?

ਕਾਲੂ : ਐਸਾ ਇਲਾਜ ਜਿਹੜਾ ਕਰਨ ਤੋਂ ਬਾਅਦ ਸਾਨੂੰ ਬਹੁਤ ਅਫ਼ਸੋਸ ਹੋਊ।

ਬੁੱਧੂ : ਤੁਹਾਡੇ ਜੋ ਵੀ ਦਿਲ 'ਚ ਆਵੇ, ਕਰੋ, ਮੈਨੂੰ ਕੀ? ਨਾ ਤੇ ਮੈਂ ਡਾਕਟਰ ਹਾਂ ਤੇ ਨਾ ਹੀ ਜਾਣਦਾ ਹਾਂ ਕਿ ਤੁਸੀਂ ਕਿਸ ਤਰ੍ਹਾਂ ਦਾ ਇਲਾਜ ਕਰਨਾ ਏ?

ਪੀਲੂ : *(ਕਾਲੂ ਨੂੰ)* ਮੈਨੂੰ ਲੱਗਦਾ ਏ, ਹੁਣ ਇਲਾਜ ਸ਼ੁਰੂ ਕਰਨਾ ਹੀ ਪਵੇਗਾ। ਹਜ਼ੂਰ ਮੈਂ ਫੇਰ ਇਕ ਵਾਰ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਜੋ ਤੁਸੀਂ ਹੋ, ਉਸਨੂੰ ਮੰਨ ਲਵੋ।

ਕਾਲੂ : *(ਪੀਲੂ ਨੂੰ)* ਮੇਰਾ ਖ਼ਿਆਲ ਏ ਆਪਾਂ ਗੱਲ ਨੂੰ ਹੋਰ ਜ਼ਿਆਦਾ ਲੰਬਾ ਨਾ ਕਰੀਏ। *(ਬੁੱਧੂ ਨੂੰ)* ਤੁਸੀਂ ਇਹ ਮੰਨ ਕਿਉਂ ਨਹੀਂ ਲੈਂਦੇ ਕਿ ਤੁਸੀਂ ਇੱਕ ਡਾਕਟਰ ਹੋ?

ਬੁੱਧੂ : ਮੈਂ ਪਾਗਲ ਹਾਂ।

ਪੀਲੂ : ਸੱਚਾਈ ਤੋਂ ਮੂੰਹ ਮੋੜਨ ਦਾ ਕੀ ਫਾਇਦਾ?

ਕਾਲੂ : ਆਖ਼ਿਰ ਤੁਸੀਂ ਕਿਉਂ ਟਾਲ ਮਟੋਲ ਕਰ ਰਹੇ ਹੋ? ਇਹਦੇ 'ਚੋਂ ਭਲਾ ਤੁਹਾਨੂੰ ਕੀ ਮਿਲੇਗਾ?

ਬੁੱਧੂ : ਇੰਨੇ ਢੇਰ ਸਾਰੇ ਸਵਾਲ ਕਿਉਂ ਕਰਦੇ ਹੋ? ਇਹਨਾਂ ਨਾਲ ਤੁਹਾਨੂੰ ਵੀ ਤੇ ਕੁਝ ਨਹੀਂ ਮਿਲੇਗਾ। ਮੈਂ ਇੱਕ ਵਾਰੀ ਕਹਿ ਦਿੱਤਾ ਸੀ ਕਿ ਮੈਂ ਡਾਕਟਰ ਨਹੀਂ। ਮੈਨੂੰ ਹਜ਼ਾਰ ਵਾਰ ਵੀ ਕਹਿਣਾ ਪਵੇ ਤਾਂ ਮੈਂ ਕਹਾਂਗਾ ਕਿ ਮੈਂ ਡਾਕਟਰ ਨਹੀਂ।

ਪੀਲੂ : ਅੱਛਾ! ਤੇ ਤੁਸੀਂ ਡਾਕਟਰ ਨਹੀਂ ਹੋ?

ਬੁੱਧੂ : ਜੀ ਨਹੀਂ।

ਕਾਲੂ : ਬੱਸ ਆਖ਼ਰੀ ਵਾਰ ਪੁੱਛਦਾ ਹਾਂ ਤੁਸੀਂ ਡਾਕਟਰ ਹੋ ਕਿ ਨਹੀਂ?

ਬੁੱਧੂ : ਨਹੀਂ, ਨਹੀਂ, ਨਹੀਂ।

ਪੀਲੂ ਤੇ ਕਾਲੂ : ਜੇ ਇਹਦੇ ਤੋਂ ਬਿਨਾਂ ਤੁਹਾਡਾ ਗੁਜ਼ਾਰਾ ਨਹੀਂ ਤਾਂ ਫਿਰ ਸਾਡਾ ਵੀ ਨਹੀਂ। *(ਦੋਵੇਂ ਉਹਨੂੰ ਖ਼ੂਬ ਕੁੱਟਦੇ ਹਨ)*

ਬੁੱਧੂ : ਠਹਿਰੋ, ਠਹਿਰੋ ਮੈਂ ਉਹੀ ਹਾਂ, ਜੋ ਤੁਸੀਂ ਕਹਿੰਦੇ ਹੋ ਡਾਕਟਰ।

ਪੀਲੂ : ਤਾਂ ਫਿਰ ਤੁਸੀਂ ਕੁੱਟ-ਮਾਰ ਦੀ ਨੌਬਤ ਕਿਉਂ ਆਉਣ ਦਿੱਤੀ?

ਕਾਲੂ : ਸਾਨੂੰ ਇਹ ਦੁੱਖ ਪਹੁੰਚਾਉਣ ਨਾਲ ਤੁਹਾਨੂੰ ਕੀ ਮਿਲਿਆ? ਸੱਚ ਪੁੱਛੋ ਤਾਂ ਡਾਂਗ ਦੇ ਹਰ ਵਾਰ ਨਾਲ ਇਹੀ ਅਰਦਾਸ ਕਰਦਾ ਰਿਹਾ ਕਿ ਤੁਹਾਨੂੰ ਸੱਟ ਜ਼ਿਆਦਾ ਨਾ ਲੱਗੇ।

ਪੀਲੂ : ਮੈਂ ਸਹੁੰ ਖਾ ਕੇ ਕਹਿੰਦਾ ਹਾਂ ਕਿ ਮੈਨੂੰ ਤੁਹਾਡੀ ਡੰਡਾ-ਪਰੇਡ ਕਰਕੇ ਜ਼ਰਾ ਜਿੰਨੀ ਵੀ ਖ਼ੁਸ਼ੀ ਨਹੀਂ ਹੋਈ।

ਬੁੱਧੂ : ਤੁਸੀਂ ਦੋਵੇਂ ਚਾਹੁੰਦੇ ਕੀ ਹੋ? ਜ਼ਰਾ ਸੋਚ ਸਮਝ ਕੇ ਜਵਾਬ ਦੇਣਾ ਕਿ ਤੁਸੀਂ ਮਜ਼ਾਕ ਕਰ ਰਹੇ ਹੋ ਜਾਂ ਤੁਹਾਨੂੰ ਪਾਗ਼ਲਪਣ ਦਾ ਕੋਈ ਦੌਰਾ ਪਿਆ ਏ, ਜੋ ਮੈਨੂੰ ਡਾਕਟਰ ਬਣਾਉਣ 'ਤੇ ਤੁਲੇ ਹੋਏ ਹੋ?

ਪੀਲੂ : ਤੇ ਤੁਸੀਂ ਅਜੇ ਮੰਨੇ ਨਹੀਂ ਕਿ ਤੁਸੀਂ ਡਾਕਟਰ ਹੋ?

ਬੁੱਧੂ : ਮੈਨੂੰ ਕੋਹੜ ਹੋ ਜਾਵੇ ਜੇ ਮੈਂ ਝੂਠ ਬੋਲਾਂ ਤੇ, ਮੈਂ ਡਾਕਟਰ ਨਹੀਂ...

ਕਾਲੂ : ਦਵਾਈਆਂ ਦੇ ਬਾਰੇ ਵਿਚ ਤੇ ਤੁਸੀਂ ਕੁਝ ਨਾ ਕੁਝ ਜਾਣਦੇ ਹੋਵੋਗੇ?

ਬੁੱਧੂ : ਨਹੀਂ, ਇਹ ਸੱਚ ਨਹੀਂ। ਵੇਖੋ...(ਦੋਵੇਂ ਫੇਰ ਉਸ ਨੂੰ ਕੁੱਟਦੇ ਹਨ) ਠਹਿਰੋ, ਠਹਿਰੋ। ਠੀਕ ਏ ਜਨਾਬੇ ਆਲਾ ਜੇ ਤੁਸਾਂ ਲੋਕਾਂ ਦੀ ਇਹੀ ਖ਼ਾਹਿਸ਼ ਏ ਕਿ ਮੈਂ ਡਾਕਟਰ ਬਣਾਂ ਤਾਂ ਮੈਨੂੰ ਕੀ ਇਤਰਾਜ਼ ਏ? ਮੈਂ ਡਾਕਟਰ ਹਾਂ ਤੇ ਕੰਪਾਊਡਰ ਵੀ... ਜੇ ਤੁਹਾਨੂੰ ਪਸੰਦ ਹੋਵੇ ਤਾਂ *(ਆਪਣੇ ਆਪ ਵਿਚ)* ਕੁੱਟ ਖਾਣ ਤੋਂ ਤਾਂ ਇਹੀ ਚੰਗਾ ਏ ਕਿ ਜੋ ਇਹ ਚਾਹੁੰਦੇ ਨੇ, ਮੈਂ ਉਹੀ ਬਣ ਜਾਵਾਂ। *(ਦੋਹਵਾਂ ਨੂੰ)* ਹਾਂ ਤੇ ਜਨਾਬ, ਜ਼ਰਾ ਮੇਰੀ ਜਾਣਕਾਰੀ ਵਧਾਇਓ ਕਿ ਮੈਂ ਇਕ ਡਾਕਟਰ ਹੋਣ ਤੋਂ ਇਲਾਵਾ ਹੋਰ ਕੀ ਕੁਝ ਹਾਂ?

ਪੀਲੂ : ਹੁਣ ਬਣੀ ਨਾ ਗੱਲ! ਆਖ਼ਿਰ ਤੁਹਾਡੀ ਸਮਝਦਾਰੀ ਰੰਗ ਲੈ ਹੀ ਆਈ ਨਾ।

ਕਾਲੂ : ਤੁਹਾਨੂੰ ਇਸ ਅੰਦਾਜ਼ ਵਿਚ ਗੱਲ ਕਰਦਿਆਂ ਵੇਖ ਮੇਰਾ ਦਿਲ ਖ਼ੁਸ਼ੀ ਨਾਲ ਉਛਲ ਉਛਲ ਜਾ ਰਿਹਾ ਹੈ।

ਪੀਲੂ : ਜੀ, ਮੈਂ ਤਹਿ ਦਿਲੋਂ ਮੁਆਫ਼ੀ ਮੰਗਦਾ ਹਾਂ।

ਕਾਲੂ : ਜੋ ਖੁੱਲ੍ਹ ਮੈਂ ਲੈ ਲਈ, ਉਹਦੇ ਲਈ ਮੈਂ ਵੀ ਸ਼ਰਮਿੰਦਾ ਹਾਂ।

ਬੁੱਧੂ : ਓ ਹੋ! ਕਿਤੇ ਮੈਂ ਆਪਣੇ ਆਪ ਨੂੰ ਧੋਖਾ ਤੇ ਨਹੀਂ ਦੇ ਰਿਹਾ? ਕਿਤੇ ਇੰਝ ਤੇ ਨਹੀਂ ਕਿ ਮੈਂ ਅਣਜਾਣੇ ਹੀ ਡਾਕਟਰ ਬਣ ਗਿਆ ਹੋਵਾਂ?

ਕਾਲੂ : ਸਾਨੂੰ ਇੰਨਾ ਭੇਦ ਦੱਸ ਕੇ ਤੁਸੀਂ ਕੋਈ ਗਲਤੀ ਨਹੀਂ ਕੀਤੀ। ਇਸ ਲਈ ਤੁਸੀਂ ਬਿਲਕੁਲ ਚਿੰਤਾ ਨਾ ਕਰੋ...ਵੇਖਦੇ ਜਾਵੋ ਕਿ ਹੁਣ ਤੁਹਾਡੀ ਕਿਸਮਤ ਕੀ ਕੀ ਰੰਗ ਲਿਆਉਂਦੀ ਏ।

ਬੁੱਧੂ : ਪਰ ਜਨਾਬ, ਇਹਦੇ ਵਿਚ ਤੁਸੀਂ ਤੇ ਕੋਈ ਗਲਤੀ ਨਹੀਂ ਨਾ ਕਰ ਰਹੇ? ਤੁਹਾਨੂੰ ਤੇ ਪੂਰਾ ਯਕੀਨ ਏ ਨਾ ਕਿ ਮੈਂ ਡਾਕਟਰ ਹਾਂ।

ਕਾਲੂ : ਮੈਂ ਕਿਹਾ ਜੀ, ਤੁਹਾਡੀ ਸਹੁੰ ਲੱਗੇ, ਬਿਲਕੁੱਲ ਯਕੀਨ ਹੈ।

ਬੁੱਧੂ : ਇਹਦੇ ਵਿਚ ਸ਼ੱਕ ਦੀ ਜ਼ਰਾ ਵੀ ਗੁੰਜ਼ਾਇਸ਼ ਨਹੀਂ?

ਕਾਲੂ : ਰੱਤੀ ਭਰ ਵੀ ਨਹੀਂ ਜੀ।

ਬੁੱਧੂ : ਸਹੁੰ ਰੱਬ ਦੀ, ਮੈਨੂੰ ਇਹਦੇ ਬਾਰੇ ਪਤਾ ਵੀ ਨਹੀਂ ਸੀ।

ਕਾਲੂ : ਤੁਸੀਂ ਤੇ ਜੀ ਦੁਨੀਆਂ ਦੇ ਸਭ ਤੋਂ ਬਿਹਤਰੀਨ ਡਾਕਟਰ ਹੋ।

ਬੁੱਧੂ : ਅੱਛਾ?

ਪੀਲੂ : ਇੱਕ ਐਸੇ ਚਮਤਕਾਰੀ ਡਾਕਟਰ ਜੀਹਨੇ ਪਤਾ ਨਹੀਂ ਕਿੰਨੇ ਮੁਰਦਿਆਂ 'ਚ ਜਾਨ ਪਾ ਦਿੱਤੀ।

ਬੁੱਧੂ : ਹੇ ਰਾਮ!

ਪੀਲੂ : ਹੁਣੇ ਹੁਣੇ ਸਾਨੂੰ ਇੱਕ ਔਰਤ ਨੇ ਦੱਸਿਆ ਕਿ... ਚੱਲੋ ਛੱਡੋ ਇਨ੍ਹਾਂ ਗੱਲਾਂ ਨੂੰ! ਤੁਹਾਡੀ ਲਿਆਕਤ ਦੇ ਕਿੱਸੇ ਤੇ ਦੁਨੀਆਂ ਭਰ ਵਿਚ ਮਸ਼ਹੂਰ ਨੇ। ਤੁਸੀਂ ਸਾਡੇ ਨਾਲ ਚੱਲੋ, ਤੁਹਾਨੂੰ ਕੋਈ ਪ੍ਰੇਸ਼ਾਨੀ ਨਹੀਂ ਹੋਵੇਗੀ। ਬੱਸ ਸਾਡੇ ਨਾਲ ਤੁਰ ਪਵੋ ਫਿਰ ਤੁਸੀਂ ਜੋ ਮੰਗੋਗੇ ਉਹੀ ਮਿਲੇਗਾ।

ਬੁੱਧੂ : ਜੋ ਮੰਗਾਂਗਾ, ਮਿਲੇਗਾ?

ਪੀਲੂ : ਜੀ ਹਾਂ।

ਕਾਲੂ : ਕਿਉਂ ਕੀ ਗੱਲ ਏ?

ਬੁੱਧੂ : ਕੁਝ ਨਹੀਂ, ਕੁਝ ਨਹੀਂ। ਹਾਂ ਤੇ ਯਾਦ ਆਇਆ ਕਿ ਮੈਂ ਇੱਕ ਡਾਕਟਰ ਹਾਂ, ਕੀ ਇਹਦੇ ਬਾਰੇ ਤੁਹਾਨੂੰ ਪਹਿਲਾਂ ਹੀ ਪਤਾ ਸੀ? ਇਹ ਦੱਸੋ ਕਿ ਮਾਮਲਾ ਕੀ ਏ? ਕਿਤੇ ਜਾਣਾ ਏ?

ਪੀਲੂ : ਸਾਡੇ ਨਾਲ ਨਾਲ, ਤੇ ਮਾਮਲਾ ਬੱਸ ਇਹ ਏ ਕਿ ਤੁਸੀਂ ਇੱਕ ਲੜਕੀ ਦਾ ਇਲਾਜ ਕਰਨਾ ਏ। ਉਹ ਗੂੰਗੀ ਹੋ ਗਈ ਏ।

ਬੁੱਧੂ : ਰੱਬ ਦੀ ਸਹੁੰ ਉਹ ਮੈਨੂੰ ਨਹੀਂ ਮਿਲੀ।

ਕਾਲੂ : ਮਜ਼ਾਕ ਸੋਹਣਾ ਕਰ ਲੈਂਦੇ ਹੋ ਤੁਸੀਂ। ਹੁਣ ਆਵੋ ਵੀ ਜਨਾਬ!

ਬੁੱਧੂ : ਸੋਮਰਸ ਹੈ?

ਪੀਲੂ : ਅਸੀਂ ਤੁਹਾਡੇ ਲਈ ਉਹਦਾ ਵੀ ਇੰਤਜ਼ਾਮ ਕਰ ਦਿਆਂਗੇ।

ਬੁੱਧੂ : ਉਹਦੀ ਕੋਈ ਲੋੜ ਨਹੀਂ। ਜ਼ਰਾ ਉਸ ਬੋਤਲ ਨੂੰ ਫੜ। ਮੈਂ ਆਪਣੀ ਦਵਾਈ ਆਪਣੇ ਕੋਲ ਹੀ ਰੱਖਦਾ ਹਾਂ। *(ਬੋਤਲ 'ਚੋਂ ਘੁੱਟ ਭਰ ਕੇ ਥੁੱਕਦਾ ਹੈ)* ਤੇ ਹੁਣ ਮੈਂ ਇੱਕ ਡਾਕਟਰ ਦੀ ਹੈਸੀਅਤ ਨਾਲ ਤੁਹਾਨੂੰ ਹੁਕਮ ਦਿੰਦਾ ਹਾਂ ਕਿ ਤੁਸੀਂ ਇਹਦੇ ਤੇ ਆਪਣਾ ਪੈਰ ਰੱਖੋ ਤੇ ਅੱਗੇ ਤੁਰੋ। *(ਦੋਵੇਂ ਉਸੇ ਤਰ੍ਹਾਂ ਕਰਦੇ ਹਨ।)*

ਕਾਲੂ : ਵਾਹ! ਕਿੰਨਾ ਮਜ਼ੇਦਾਰ ਆਦਮੀ ਹੈ। ਮੈਨੂੰ ਪੂਰੀ ਉਮੀਦ ਹੈ ਕਿ ਇਹ ਕੁਝ ਨਾ ਕੁਝ ਜ਼ਰੂਰ ਕਰ ਵਿਖਾਏਗਾ।

(ਫੇਡ ਆਊਟ)

## ਐਕਟ ਦੂਸਰਾ
### ਦ੍ਰਿਸ਼ ਪਹਿਲਾ

*{ਸਥਾਨ : ਪਿਤਾ ਦਾ ਘਰ। ਕਾਲੂ ਅਤੇ ਪੀਲੂ ਮਾਲਕ ਨੂੰ ਘੁੱਟ ਰਹੇ ਨੇ ਤੇ ਨਾਲੇ ਗੱਲਾਂ ਕਰ ਰਹੇ ਹਨ}*

ਪੀਲੂ : ਮਾਲਕੋ! ਹੁਣ ਤੁਸੀਂ ਬਿਲਕੁਲ ਫਿਕਰ ਨਾ ਕਰੋ। ਅਸੀਂ ਦੁਨੀਆਂ ਦੇ ਸਭ ਤੋਂ ਵਧੀਆ ਤੇ ਸਿਆਣੇ ਡਾਕਟਰ ਨੂੰ ਲੱਭ ਕੇ ਲਿਆਏ ਹਾਂ।

ਕਾਲੂ : ਕਮਾਲ ਏ! ਮੈਂ ਕਿਹਾ ਜੀ ਕਮਾਲ! ਬਾਕੀ ਡਾਕਟਰ ਤਾਂ ਉਹਦੇ ਚਰਨਾਂ ਦੀ ਧੂੜ ਮੱਥੇ ਲਾਉਣ ਲਈ ਤਰਸਦੇ ਨੇ।

ਪੀਲੂ : ਉਹਨੇ ਉਹ ਉਹ ਚਮਤਕਾਰੀ ਇਲਾਜ ਕੀਤੇ ਨੇ....।

ਕਾਲੂ :...ਕਿ ਮੁਰਦਿਆਂ ਨੂੰ ਜਿਉਂਦੇ ਕਰ ਦਿਤਾ।

ਪੀਲੂ : ਪਰ ਹੈ ਜ਼ਰਾ ਸਨਕੀ, ਜਦੋਂ ਕਦੇ ਉਹਦੀ ਬੁੱਧੀ ਭ੍ਰਿਸ਼ਟ ਹੋ ਜਾਂਦੀ ਏ, ਉਦੋਂ ਉਹ, ਉਹ ਨਹੀਂ ਰਹਿੰਦਾ, ਜੋ ਉਹ ਹੈ।

ਕਾਲੂ : ਲੱਕੜਾਂ ਕੱਟਣਾ ਉਹਦਾ ਸ਼ੌਂਕ ਏ, ਬੜਾ ਹੀ ਮਜ਼ੇਦਾਰ ਡਾਕਟਰ ਏ। ਦਰਅਸਲ, ਉਹਦਾ ਲੱਕੜਹਾਰਾ ਹੋਣਾ ਹੀ ਮੈਨੂੰ ਚੰਗਾ ਲੱਗਾ। (ਪਿਤਾ ਹੈਰਾਨ ਹੁੰਦਾ ਹੈ)

ਪੀਲੂ : ਵੈਸੇ ਉਹਦੀ ਡਾਕਟਰੀ ਦੀ ਲਿਆਕਤ ਦਾ ਦੂਰ ਦੂਰ ਤੱਕ ਕੋਈ ਸਾਨੀ ਨਹੀਂ।

ਪੀਲੂ : ਵਾਹ! ਕਿੰਨਾ ਸਿਆਣਾ ਡਾਕਟਰ ਏ! ਉਹਦੀਆਂ ਗੱਲਾਂ ਕਿਸੇ ਨੂੰ ਵੀ ਸਮਝ ਨਹੀਂ ਆਉਂਦੀਆਂ।

ਪੀਲੂ : ਪਰ ਸਮਝ ਵਿਚ ਆਉਂਦਿਆਂ ਹੀ ਲੋਕ ਅਸ਼ ਅਸ਼ ਕਰ ਉੱਠਦੇ ਨੇ।

ਕਾਲੂ : ਆਪਣੇ ਇਲਾਕੇ ਵਿਚ ਬੜਾ ਹੀ ਮਸ਼ਹੂਰ ਏ ਅਤੇ ਦੁਨੀਆਂ ਭਰ ਦੇ ਲੋਕ ਉਹਦੇ ਤੋਂ ਇਲਾਜ ਕਰਵਾਉਣ ਆਉਂਦੇ ਨੇ।

ਪਿਤਾ : ਮੇਰੀ ਉਹਦੇ ਨਾਲ ਮਿਲਣ ਦੀ ਇੱਛਾ ਵੱਧਦੀ ਹੀ ਜਾ ਰਹੀ ਏ। ਉਸਨੂੰ ਛੇਤੀ ਮੇਰੇ ਕੋਲ ਲਿਆਓ।

(ਦੋਵੇਂ ਇਕਦਮ ਉੱਠਣ ਲੱਗਦੇ ਹਨ ਕਿ ਪਿਤਾ ਦੀਆਂ ਲੱਤਾਂ ਉਤਾਂਹ ਹੋ ਜਾਂਦੀਆਂ ਹਨ)

(ਫੇਡ ਆਊਟ)

## ਦ੍ਰਿਸ਼ ਦੂਜਾ

*{ਸਥਾਨ-ਉਹੀ, ਪਿਤਾ ਬੈਠਾ ਹੈ। ਇੱਕ ਪਾਸੇ ਕਰਕੇ ਕਾਲੂ ਖੜ੍ਹਾ ਹੈ। ਚਾਂਦਨੀ ਮਾਲਕ ਨਾਲ ਗੱਲਾਂ ਕਰ ਰਹੀ ਹੈ}*

ਚਾਂਦਨੀ : ਹਜ਼ੂਰ ਮੈਨੂੰ ਤੇ ਲੱਗਦਾ ਏ ਕਿ ਇਹ ਡਾਕਟਰ ਵੀ ਉਹੀ ਕੁਝ ਕਰੇਗਾ, ਜੋ ਦੂਜਿਆਂ ਨੇ ਕੀਤਾ ਏ। ਮੇਰੀ ਮੰਨੋ ਤਾਂ ਤੁਹਾਡੀ ਲੜਕੀ ਨੂੰ ਡਾਕਟਰ ਦੀ ਨਹੀਂ ਬਲਕਿ ਇਕ ਐਸੇ ਪਤੀ ਦੀ ਲੋੜ ਏ, ਜਿਸ ਨੂੰ ਉਹ ਪਸੰਦ ਕਰਦੀ ਹੋਵੇ।

ਪਿਤਾ : ਚਾਂਦਨੀ, ਤੇਰੀ ਦਖ਼ਲ-ਅੰਦਾਜ਼ੀ ਕਰਨ ਦੀ ਆਦਤ ਵਧਦੀ ਹੀ ਜਾ ਰਹੀ ਏ?

ਕਾਲੂ : ਆਪਣੀ ਜ਼ੁਬਾਨ ਨੂੰ ਲਗਾਮ ਦੇਣਾ ਤੇ ਇਹਨਾਂ ਔਰਤਾਂ ਦੀ ਕਿਸਮਤ ਵਿਚ ਲਿਖਿਆ ਹੀ ਨਹੀਂ। ਹਰ ਵੇਲੇ ਲੁਤਰ ਲੁਤਰ ਕਰਦੀਆਂ ਰਹਿਣਗੀਆਂ। *(ਚਾਂਦਨੀ ਨੂੰ)* ਨਾ ਤੈਨੂੰ ਇੱਥੇ ਆਪਣੀ ਸਲਾਹ ਦੇਣ ਲਈ ਕੀਹਨੇ ਕਿਹਾ ਏ?

ਚਾਂਦਨੀ : ਹੂੰ! ਪਰ ਮੈਂ ਵੀ ਕਹਿ ਦਿੰਨੀ ਆਂ ਕਿ ਇਸ ਡਾਕਟਰੀ ਇਲਾਜ ਉਲੂਜ ਨਾਲ ਕੁਝ ਨਹੀਂ ਬਣਨਾ। ਪ੍ਰੀਤੀ ਧੀ ਨੂੰ ਉਹਦਾ ਮਨਪਸੰਦ ਪਤੀ ਮਿਲ ਜਾਵੇ ਤਾਂ ਉਹਦੀ ਬੀਮਾਰੀ ਆਪਣੇ ਹੀ ਆਪ ਦੌੜ ਜਾਊ।

ਪਿਤਾ : ਪਰ ਐਸੀ ਹਾਲਤ ਵਿਚ ਪ੍ਰੀਤੀ ਨਾਲ ਵਿਆਹ ਕੌਣ ਕਰੂ? ਤੇ ਨਾਲੇ ਜਦੋਂ ਅਸੀਂ ਉਹਨੂੰ ਵਿਆਹ ਲਈ ਕਿਹਾ ਸੀ ਤਾਂ ਉਹਨੇ ਆਪ ਹੀ ਨਾਂਹ ਕਰ ਦਿੱਤੀ ਸੀ।

ਚਾਂਦਨੀ : ਨਾਂਹ ਉਹਨੇ ਇਸ ਲਈ ਕੀਤੀ ਸੀ ਕਿ ਜਿਸ ਲੜਕੇ ਨਾਲ ਤੁਸੀਂ ਉਹਦਾ ਵਿਆਹ ਕਰਨਾ ਚਾਹੁੰਦੇ ਸੀ, ਉਹ ਉਹਨੂੰ ਪਸੰਦ ਨਹੀਂ ਕਰਦੀ, ਜੇ ਤੁਸੀਂ ਪ੍ਰੇਮ ਬਾਬੂ ਨਾਲ ਵਿਆਹ ਦੀ ਗੱਲ ਕੀਤੀ ਹੁੰਦੀ ਤਾਂ ਪ੍ਰੀਤੀ ਝੱਟਪੱਟ ਤਿਆਰ ਹੋ ਜਾਂਦੀ। ਮੈਂ ਦਾਅਵੇ ਨਾਲ ਕਹਿ ਸਕਦੀ ਹਾਂ ਕਿ ਪ੍ਰੇਮ ਇਸ ਹਾਲਤ ਵਿਚ ਉਸ ਨਾਲ ਵਿਆਹ ਲਈ ਤਿਆਰ ਹੋ ਜਾਊ।

ਪਿਤਾ : ਚਾਂਦਨੀ, ਉਹ ਲੜਕਾ ਸਾਡੀ ਧੀ ਦੇ ਲਾਇਕ ਨਹੀਂ ਕਿਉਂਕਿ ਉਹਦੇ ਕੋਲ ਕੋਈ ਜ਼ਮੀਨ ਜਾਇਦਾਦ ਹੀ ਨਹੀਂ ਏ।

ਚਾਂਦਨੀ : ਪਰ ਉਹਦਾ ਇੱਕ ਚਾਚਾ ਤੇ ਹੈ ਜਿਹੜਾ ਵਾਹਵਾ ਈ ਅਮੀਰ ਸੁਣੀਂਦਾ ਏ। ਚਾਚੇ ਦੀ ਮੌਤ ਮਗਰੋਂ ਉਹਦੀ ਸਾਰੀ ਜਾਇਦਾਦ ਪ੍ਰੇਮ ਨੂੰ ਹੀ ਤੇ ਮਿਲਣੀ ਏ।

ਪਿਤਾ : ਚਾਚਾ ਮਰੇਗਾ ਤੇ ਜਾਇਦਾਦ ਮਿਲੇਗੀ। ਪੈਸਾ ਜਦੋਂ ਜੇਬ ਵਿਚ ਆਵੇ ਨਾ, ਉਦੋਂ ਹੀ ਉਹਦੀ ਮੌਜੂਦਗੀ ਦਾ ਅਹਿਸਾਸ ਹੋ ਸਕਦਾ ਏ। ਆਉਣ ਵਾਲੀ ਦੌਲਤ ਦਾ ਕੀ ਭਰੋਸਾ ਬਈ ਕੀਹਦੀ ਜੇਬ ਵਿਚ ਚਲੀ ਜਾਵੇ। ਤੇ ਹੋਰ ਸੁਣ ਵਾਰਿਸਾਂ ਦੀਆਂ ਅਰਦਾਸਾਂ ਨਾਲ ਮੌਤ ਦੇ ਕੰਨਾਂ 'ਤੇ ਜੂੰ ਨਹੀਂ ਸਰਕਦੀ, ਮੌਤ ਦੇ ਕੰਨ ਬੜੇ ਪੱਕੇ ਹੁੰਦੇ ਨੇ।

ਚਾਂਦਨੀ : ਮੈਂ ਤੇ ਬੱਸ ਇੰਨਾ ਹੀ ਜਾਣਦੀ ਹਾਂ ਕਿ ਸ਼ਾਦੀ-ਵਿਆਹ ਦੇ ਮਾਮਲੇ ਵਿਚ ਪਿਆਰ ਪੈਸੇ ਨਾਲੋਂ ਵੱਡਾ ਹੁੰਦਾ ਏ। ਮਾਂ-ਬਾਪ ਕੋਲ ਜਿਵੇਂ ਇੱਕ ਹੀ ਸਵਾਲ ਹੋਵੇ ਕਿ ਲੜਕੇ ਕੋਲ ਪੈਸਾ ਕਿੰਨਾ ਏ? ਸਾਡੇ ਗੁਆਂਢ ਇਕ ਲਾਲਾ ਰਹਿੰਦਾ ਏ। ਉਹਨੇ ਆਪਣੀ ਧੀ ਦਾ ਵਿਆਹ ਉਹਦੇ ਪ੍ਰੇਮੀ ਸ਼ਾਮ ਨਾਲ ਨਾ ਕਰਕੇ ਉਹਨੂੰ ਮੋਟੂ ਅਧਖੜ ਚੰਦੀ ਲਾਲ ਨਾਲ ਨਰੜ ਦਿੱਤਾ ਸਿਰਫ਼ ਤੇ ਸਿਰਫ਼ ਇਸ ਲਈ ਕਿ ਉਹਦੇ ਕੋਲ ਸ਼ਾਮ ਨਾਲੋਂ ਧੰਨ-ਦੌਲਤ ਜ਼ਿਆਦਾ ਸੀ। ਮੈਂ ਕਿਹਾ ਜੀ, ਉਹ ਲੜਕੀ ਤਾਂ ਗ਼ਮ ਕਰ ਕਰ ਕੇ ਹੀ ਅੱਧਮਰੀ ਹੋ ਗਈ। ਮਾਂ-ਬਾਪ ਤੇ ਬੱਸ ਆਪਣੀ ਖ਼ੁਸ਼ੀ ਵੇਖਦੇ ਨੇ, ਬੱਚਿਆਂ ਦੀ ਭਾਵੇਂ ਜ਼ਿੰਦਗੀ ਖ਼ਰਾਬ ਹੋ ਜਾਵੇ। ਮੈਂ ਤੇ ਆਪਣੀ ਧੀ ਦਾ ਵਿਆਹ ਉਹਦੇ ਨਾਲ ਹੀ ਕਰੂੰ, ਜਿਸ ਨੂੰ ਉਹ ਪਿਆਰ ਕਰਦੀ ਹੋਊ ਨਾ ਕਿ ਦੁਨੀਆਂ ਦੀ ਝੂਠੀ ਦੌਲਤ ਨੂੰ ਜਿਹੜੀ ਨਾਲ ਨਹੀਂ ਚਲੀ ਜਾਣੀ। ਹਾਂ।

ਪਿਤਾ : ਬੱਸ, ਬੱਸ ਬਹੁਤ ਹੋ ਗਿਆ, ਮੈਨੂੰ ਸਿੱਖਿਆ ਦੇਣ ਦੀ ਕੋਈ ਲੋੜ ਨਹੀਂ। ਜਾਹ, ਜਾ ਕੇ ਰਸੋਈ ਵਿਚ ਕੰਮ-ਧੰਦਾ ਵੇਖ, ਆ ਗਈ ਏਂ ਐਵੇਂ ਮੱਤਾਂ ਦੇਣ। ਉਧਰ ਭਾਵੇਂ ਬਿੱਲੀ ਦੁੱਧ ਪੀ ਜਾਵੇ।

ਕਾਲੂ :(ਲੋਕਾਂ ਨੂੰ) ਐਸੀਆਂ ਘਰਵਾਲੀਆਂ ਵੀ ਹੈਗੀਆਂ ਨੇ ਇਸ ਦੁਨੀਆਂ ਵਿਚ। *(ਚਾਂਦਨੀ ਨੂੰ)* ਮਾਲਕ ਨੂੰ ਤੇਰੇ ਉਪਦੇਸ਼ਾਂ ਦੀ ਕੋਈ ਲੋੜ ਨਹੀਂ। ਉਹ ਜਾਣਦੇ ਨੇ ਕਿ ਉਹਨਾਂ ਨੂੰ ਕੀ ਕਰਨਾ ਚਾਹੀਦਾ ਏ ਤੇ ਕੀ ਨਹੀਂ। ਸਮਝ ਲੱਗੀ? ਜਾਹ, ਜਾ ਕੇ ਖਾਣਾ ਬਣਾ, ਜਿਹੜਾ ਤੇਰਾ ਕੰਮ ਏ। ਮਾਲਕ ਇਕ ਨੇਕ ਇਨਸਾਨ ਨੇ ਤੇ ਇਕ ਪਿਤਾ ਹੋਣ ਦੇ ਨਾਤੇ ਉਹ ਜਾਣਦੇ ਨੇ ਕਿ ਉਹਨਾਂ ਨੂੰ ਕੀ ਕਰਨਾ ਚਾਹੀਦਾ ਏ। ਕਦੇ ਤੇ ਡਮਾਕ ਤੋਂ ਕੰਮ ਲੈ ਲਿਆ ਕਰ। *(ਚਾਂਦਨੀ ਜਾਂਦੀ ਹੈ)*

ਪਿਤਾ : ਮੈਂ ਕਿਹਾ ਬਈ ਕਾਲੂ ਜ਼ਰਾ ਅਹਿਸਤਾ ਬੋਲ!

ਕਾਲੂ : ਹਜ਼ੂਰ, ਮੈਂ ਇਹਨੂੰ ਐਸਾ ਸਬਕ ਸਿਖਾਊਂ ਕਿ ਇਹ ਐਸੀਆਂ ਗੱਲਾਂ ਕਰਨਾ ਭੁੱਲ ਜਾਵੇਗੀ।

ਪਿਤਾ : ਉਹ ਤੇ ਠੀਕ ਏ, ਹੁਣ ਤੂੰ ਬਾਹਰ ਵੇਖ ਡਾਕਟਰ ਸਾਹਿਬ ਕਦੋਂ ਆ ਰਹੇ ਨੇ?

*{ਕਾਲੂ ਮੁੜ ਕੇ ਬਾਹਰ ਨੂੰ ਜਾਣ ਹੀ ਲਗਦਾ ਹੈ ਕਿ ਬੁੱਧੂ ਘਰ ਵਿਚ ਦਾਖ਼ਲ ਹੁੰਦਾ ਹੈ}*

ਕਾਲੂ : ਹਜ਼ੂਰ, ਡਾਕਟਰ ਸਾਹਿਬ ਆ ਗਏ ਨੇ।

ਪਿਤਾ : ਆਓ ਜੀ, ਜੀ ਆਇਆਂ ਨੂੰ! ਵੈੱਲ-ਕਮ ਡਾਕਟਰ!

ਬੁੱਧੂ : ਧਨੰਤਰ ਨੇ ਕਿਹਾ ਸੀ ਕਿ ਜਦੋਂ ਦੋ ਡਾਕਟਰ ਆਹਮੋ-ਸਾਹਮਣੇ ਟਕਰਾ ਜਾਣ ਤਾਂ ਇੱਕ ਨੂੰ ਆਪਣਾ ਰਸਤਾ ਬਦਲ ਕੇ ਦੂਜੇ ਪਾਸੇ ਕਰ ਲੈਣਾ ਚਾਹੀਦਾ ਹੈ।

ਪਿਤਾ : ਕੀ ਧਨੰਤਰ ਜੀ ਨੇ ਵਾਕਈ ਇਸ ਤਰ੍ਹਾਂ ਕਿਹਾ ਸੀ?

ਬੁੱਧੂ : ਜੀ ਹਾਂ।

ਪਿਤਾ : ਕਿਹੜੇ ਅਧਿਆਏ ਵਿਚ?

ਬੁੱਧੂ : ਕਿਉਂਕਿ ਇਕ ਮੌਤ ਦੀ ਜ਼ਿੰਮੇਵਾਰੀ ਸਿਰਫ਼ ਇੱਕੋ ਡਾਕਟਰ ਨੂੰ ਹੀ ਲੈਣੀ ਚਾਹੀਦੀ ਏ, ਨਹੀਂ ਤੇ ਹਿਸਾਬ ਵਿਚ ਗੜਬੜ ਦੀਆਂ ਸੰਭਾਵਨਾਵਾਂ ਪੈਦਾ ਹੋ ਜਾਂਦੀਆਂ ਨੇ।

ਪਿਤਾ : ਮੈਂ ਕੁਝ ਸਮਝਿਆ ਨਹੀਂ।

ਕਾਲੂ : ਹਜ਼ੂਰ ਤੁਸੀਂ ਹੁਣ ਹਾਂ ਕਰ ਦਿਓ, ਸਮਝ ਬਾਅਦ ਵਿਚ ਲੈਣਾ।

ਪਿਤਾ : ਖ਼ੈਰ! ਜੇ ਧਨੰਤਰ ਜੀ ਨੇ ਇਸ ਤਰ੍ਹਾਂ ਕਿਹਾ ਸੀ ਤਾਂ ਮੈਨੂੰ ਕੋਈ ਇਤਰਾਜ਼ ਨਹੀਂ...।

ਬੁੱਧੂ : ਪਰ ਇੱਕ ਗੱਲ ਕੰਨ ਖੋਲ੍ਹ ਕੇ ਸੁਣ ਲਵੋ ਡਾਕਟਰ ਸਾਹਿਬ...

ਪਿਤਾ : ਡਾਕਟਰ ਸਾਹਿਬ...? ਇਹ ਤੁਸੀਂ ਕਿਸ ਨਾਲ ਗੱਲਾਂ ਕਰ ਰਹੇ ਹੋ?

ਬੁੱਧੂ : ਤੁਹਾਡੇ ਨਾਲ! ਕੀ ਸਾਡੇ ਦੋਹਵਾਂ ਤੋਂ ਇਲਾਵਾ ਇਥੇ ਕੋਈ ਤੀਸਰਾ ਡਾਕਟਰ ਵੀ ਮੌਜੂਦ ਏ?

ਪਿਤਾ : ਪਰ ਮੈਂ ਤੇ ਡਾਕਟਰ ਨਹੀਂ, ਲੜਕੀ ਦਾ ਪਿਤਾ ਹਾਂ।

ਬੁੱਧੂ : ਅੱਛਾ! ਤੇ ਤੁਸੀਂ ਡਾਕਟਰ ਨਹੀਂ?

ਪਿਤਾ : ਜੀ ਨਹੀਂ!

ਬੁੱਧੂ : ਤੁਸੀਂ ਸੱਚ ਕਹਿ ਰਹੇ ਹੋ?

ਪਿਤਾ : ਜੀ ਹਾਂ!

ਬੁੱਧੂ : ਪੱਕੀ ਗੱਲ ਏ?

ਪਿਤਾ : ਜੀ ਸੌ ਪਰਸੈਂਟ!

*{ਡੰਡੇ ਨਾਲ ਉਹਨੂੰ ਖ਼ੂਬ ਕੁੱਟਦਾ ਹੈ}*

ਪਿਤਾ : ਹਾਏ ਓਏ! ਮਰ ਗਿਆ ਮੈਂ। ਕੋਈ ਛੁਡਾਓ ਓਏ! ਹਾਏ!

ਬੁੱਧੂ: : ਹੁਣ ਤੁਸੀਂ ਵੀ ਡਾਕਟਰ ਹੋ। ਮੇਰੇ ਕੋਲ ਇਹਦੇ ਤੋਂ ਬਿਨਾਂ ਕੋਈ ਹੋਰ ਲਾਇਸੈਂਸ ਨਹੀਂ ਹੈ।

ਪਿਤਾ : ਹਾਏ ! ਓਏ ਕੰਜਰ ਦਿਓ! ਇਹ ਕਿਹੜੇ ਯਮਦੂਤ ਨੂੰ ਫੜ ਲਿਆਏ ਹੋ ਤੁਸੀਂ? ਹਾਏ...!

ਕਾਲੂ : ਹਜ਼ੂਰ ਮੈਂ ਕਿਹਾ ਸੀ ਨਾ ਕਿ ਬਹੁਤ ਹੀ ਦਿਲਲਗੀ ਵਾਲਾ ਡਾਕਟਰ ਹੈ!

ਪਿਤਾ : ਓਏ ਮੈਂ ਹੁਣੇ ਇਹਦੀ ਸਾਰੀ ਦਿਲਲਗੀ ਕੱਢ ਦਿੰਦਾ ਹਾਂ! *(ਸੋਟੀ ਲੈ ਕੇ ਵੱਧਦਾ ਹੈ)*

ਕਾਲੂ : ਸਰਕਾਰ, ਇਹਦੇ ਵਿਚ ਬੁਰਾ ਮਨਾਉਣ ਵਾਲੀ ਕੋਈ ਗੱਲ ਨਹੀਂ। ਇਸ ਨੂੰ ਤੁਸੀਂ ਬੱਸ ਮਜ਼ਾਕ ਹੀ ਸਮਝੋ।

ਪਿਤਾ : ਓਏ ਇਸਤਰ੍ਹਾਂ ਦੇ ਮਜ਼ਾਕ ਮੈਨੂੰ ਪਸੰਦ ਨਹੀਂ।

*{ਫਿਰ ਵੱਧਦਾ ਹੈ ਪਰ ਕਾਲੂ ਉਹਦੇ ਕੰਨ ਵਿਚ ਕੁਝ ਕਹਿੰਦਾ ਹੈ ਤੇ ਉਹ ਰੁਕ ਜਾਂਦਾ ਹੈ।}*

ਬੁੱਧੂ : ਮੈਂ ਜ਼ਰਾ ਆਜ਼ਾਦ ਖ਼ਿਆਲਾਂ ਹਾਂ ਤੇ ਆਜ਼ਾਦੀ ਆਪਣੇ ਆਪ ਨਹੀਂ ਮਿਲਦੀ; ਸਗੋਂ ਉਸਨੂੰ ਹਾਸਿਲ ਕਰਨਾ ਪੈਂਦਾ ਹੈ। ਇਸੇ ਲਈ ਮੈਂ ਤੁਹਾਡੀ ਮੁਰੰਮਤ ਕਰਨ ਦੀ ਇੱਛਾ ਰੋਕ ਨਾ ਸਕਿਆ। ਮੈਂ ਮੁਆਫ਼ੀ ਚਾਹੁੰਦਾ ਹਾਂ।

ਪਿਤਾ : ਵੈਸੇ ਤੇ ਆਜ਼ਾਦੀ ਨਾਲ ਮੈਨੂੰ ਵੀ ਪਿਆਰ ਹੈ ਪਰ ਤੁਸੀਂ ਕੁਝ ਜ਼ਿਆਦਾ ਹੀ ਭਾਵੁਕ ਹੋ ਗਏ...ਹਾਏ...!

ਬੁੱਧੂ : ਜਨਾਬ ! ਮੈਂ ਬਹੁਤ ਸ਼ਰਮਿੰਦਾ ਹਾਂ, ਜੋ ਮੈਂ ਇਸ ਸੋਟੀ ਨਾਲ...

ਪਿਤਾ : ਚੱਲੋ ਛੱਡੋ ਪਰ੍ਹਾਂ...! ਭੁੱਲ ਜਾਵੋ ਇਸ ਗੱਲ ਨੂੰ ਹੁਣ।

ਬੁੱਧੂ : ਤੁਹਾਡੀ ਖ਼ੂਬ ਮੁਰੰਮਤ ਕੀਤੀ।

ਪਿਤਾ : ਕੋਈ ਗੱਲ ਨਹੀਂ ਜੀ। ਹਾਂ ਮੇਰੀ ਲੜਕੀ ਨੂੰ ਇੱਕ ਅਜੀਬ ਜਿਹੀ ਬੀਮਾਰੀ ਲੱਗ ਗਈ ਏ!

ਬੁੱਧੂ : ਮੈਨੂੰ ਇਹ ਜਾਣ ਕੇ ਬੇਹੱਦ ਖ਼ੁਸ਼ੀ ਹੋਈ ਕਿ ਤੁਹਾਡੀ ਲੜਕੀ ਨੂੰ ਮੇਰੀ ਜ਼ਰੂਰਤ ਏ ਅਤੇ ਮੈਂ ਪਰਮਾਤਮਾ ਕੋਲ ਅਰਦਾਸ ਕਰਦਾ ਹਾਂ ਕਿ ਇਸੇ ਤਰ੍ਹਾਂ ਤੁਹਾਨੂੰ ਤੇ ਤੁਹਾਡੇ ਸਾਰੇ ਪਰਿਵਾਰ ਨੂੰ ਮੇਰੀ ਜ਼ਰੂਰਤ ਪਈ ਰਹੇ ਤਾਂ ਕਿ ਮੈਨੂੰ ਸਭ ਦੀ ਸੇਵਾ ਕਰਨ ਦਾ ਮੌਕਾ ਮਿਲੇ।

ਪਿਤਾ : ਜੀ ਤੁਹਾਡੀਆਂ ਸ਼ੁਭ ਕਾਮਨਾਵਾਂ ਦਾ ਮੈਂ ਸ਼ੁਕਰਗੁਜ਼ਾਰ ਹਾਂ।

ਬੁੱਧੂ : ਯਕੀਨ ਕਰੋ, ਇਹ ਮੇਰੀ ਦਿਲੀ ਖ਼ਾਹਿਸ਼ ਏ।

ਪਿਤਾ : ਇਹ ਤੇ ਤੁਹਾਡਾ ਵਡੱਪਣ ਏ ਜੀ!

ਬੁੱਧੂ : ਵਡੱਪਣ ਕਾਹਦਾ ਜੀ? ... ਖ਼ੈਰ ਤੁਸੀਂ ਇਹ ਦੱਸੋ ਕਿ ਤੁਹਾਨੂੰ ਕੀ ਬੀਮਾਰੀ ਏ?

ਪਿਤਾ : ਬੀਮਾਰੀ ਮੈਨੂੰ ਨਹੀਂ ਜੀ ਸਗੋਂ ਮੇਰੀ ਬੇਟੀ ਨੂੰ ਏ।

ਬੁੱਧੂ : ਉਹਨੂੰ ਬਾਅਦ ਵਿਚ ਵੇਖਾਂਗੇ ਪਰ ਉਸ ਤੋਂ ਪਹਿਲਾਂ ਮੈਂ ਆਪਣੇ ਹੁਨਰ ਦਾ ਇਕ ਨਮੂਨਾ ਪੇਸ਼ ਕਰਕੇ ਤੁਹਾਨੂੰ ਆਪਣੀ ਕਾਬਲੀਅਤ ਦਾ ਯਕੀਨ ਕਰਵਾਉਣਾ ਚਾਹੁੰਦਾ ਹਾਂ।

ਪਿਤਾ : ਕਹਿੰਦੇ ਤੇ ਤੁਸੀਂ ਠੀਕ ਹੋ ਪਰ ਮੈਨੂੰ ਕੋਈ ਤਕਲੀਫ਼ ਨਹੀਂ।

ਬੁੱਧੂ : ਫਿਰ ਕੀ ਹੋਇਆ ਜੀ? ਤੁਸੀਂ ਮੈਨੂੰ ਆਪਣਾ ਇੱਕ ਹੱਥ ਤੇ ਇੱਕ ਪੈਰ ਤੋੜਨ ਦੀ ਇਜ਼ਾਜ਼ਤ ਦੇਵੋ, ਫਿਰ ਵੇਖਿਓ ਕਿਵੇਂ ਪਲਕ ਝਪਕਦਿਆਂ ਹੀ ਤੁਹਾਨੂੰ ਠੀਕ ਕਰਦਾ ਹਾਂ।

ਪਿਤਾ : ਨਹੀਂ ਜੀ, ਮੈਨੂੰ ਤੁਹਾਡੀ ਕਾਬਲੀਅਤ ਤੇ ਪੂਰਾ ਯਕੀਨ ਏ। ਤੁਹਾਡੇ ਬਾਰੇ ਕੌਣ ਨਹੀਂ ਜਾਣਦਾ। ਤੁਸੀਂ ਬਿਲਕੁਲ ਤਕਲੀਫ਼ ਨਾ ਕਰੋ।

ਬੁੱਧੂ : ਇਹਦੇ ਵਿਚ ਤਕਲੀਫ਼ ਵਾਲੀ ਕਿਹੜੀ ਗੱਲ ਏ ਜੀ? ਤੁਹਾਡੇ ਵੇਖਦਿਆਂ ਵੇਖਦਿਆਂ ਹੀ ਮੈਂ ਤੁਹਾਡੇ ਸਰੀਰ ਦੇ ਟੁਕੜੇ ਕਰਕੇ ਅਗਲੇ ਹੀ ਪਲ ਫੇਰ ਜੋੜ ਦਿਆਂਗਾ।

ਪਿਤਾ : ਨਹੀਂ, ਅਜੇ ਨਹੀਂ ਫਿਰ ਕਦੇ ਸਹੀ। ਰਹਿਣ ਦੇਵੋ ਹੁਣ!

ਬੁੱਧੂ : ਜੇ ਤੁਹਾਨੂੰ ਕੋਈ ਇਤਰਾਜ਼ ਨਾ ਹੋਵੇ ਤਾਂ ਤੁਹਾਡੇ ਕਿਸੇ ਨੌਕਰ ਤੇ ਹੀ ਆਪਣਾ ਹੁਨਰ ਪਰਖ ਕੇ ਵਿਖਾਵਾਂ?

ਪਿਤਾ : ਜਿਸ ਤਰ੍ਹਾਂ ਤੁਹਾਡੀ ਮਰਜ਼ੀ। ਬਈ ਕਾਲੂ, ਜ਼ਰਾ ਡਾਕਟਰ ਸਾਹਿਬ ਕੋਲ ਆਵੀਂ।

ਕਾਲੂ : ਨਹੀਂ ਹਜ਼ੂਰ, ਮੈਂ ਅਜੇ ਮਰਨਾ ਨਹੀਂ ਚਾਹੁੰਦਾ।

ਪਿਤਾ : ਬਈ, ਇਹਦੇ ਵਿਚ ਡਰਨ ਵਾਲੀ ਕਿਹੜੀ ਗੱਲ ਏ? ਤੂੰ ਆਪੇ ਹੀ ਤਾਂ ਕਹਿੰਦਾ ਸੀ ਕਿ ਇਹਨਾਂ ਨੇ ਮੁਰਦਿਆਂ ਤੱਕ ਨੂੰ ਜੀਊਂਦੇ ਕਰ ਦਿੱਤਾ।

ਕਾਲੂ : ਪਰ ਮਾਲਕੋ, ਮੈਂ ਇਸ ਤਰ੍ਹਾਂ ਸਿਰਫ਼ ਸੁਣਿਆ ਏ ਵੇਖਿਆ ਨਹੀਂ।

ਪਿਤਾ : ਤੇ ਫਿਰ ਹੁਣ ਵੇਖ ਲੈਂਦੇ ਹਾਂ।

ਬੁੱਧੂ : ਹਾਂ, ਹਾਂ ਕਿਉਂ ਨਹੀਂ? ...ਆ ਜ਼ਰਾ!

ਕਾਲੂ : ਹਜ਼ੂਰ, ਮੈਂ ਆਪਣੀ ਮੌਤ ਬਰਦਾਸ਼ਤ ਨਹੀਂ ਕਰ ਸਕਾਂਗਾ।

ਬੁੱਧੂ : ਵੇਖੋ ਵਿਚਾਰਾ ਵੈਸੇ ਹੀ ਮਰਦਾ ਜਾ ਰਿਹੈ। ਖ਼ੈਰ ਤੁਸੀਂ ਇਹ ਦੱਸੋ ਕਿ ਤੁਹਾਡੀ ਲੜਕੀ ਦਾ ਨਾਂ ਕੀ ਏ?

ਪਿਤਾ : ਜੀ ਪ੍ਰੀਤੀ।

ਬੁੱਧੂ : ਵਾਹ! ਪ੍ਰੀਤੀ! ਨਾਂ ਤੇ ਬੜਾ ਈ ਪਿਆਰਾ ਏ।

ਪਿਤਾ : ਮੈਂ ਜ਼ਰਾ ਉਸ ਨੂੰ ਵੇਖ ਕੇ ਆਵਾਂ ਕਿ ਉਹ ਕੀ ਕਰ ਰਹੀ ਏ? *(ਬੁੱਧੂ ਦੀ ਨਜ਼ਰ ਚਾਂਦਨੀ ਤੇ ਪੈਂਦੀ ਹੈ)*

ਬੁੱਧੂ : ਮੈਂ ਕਿਹਾ ਜੀ ਇੱਕ ਮਿੰਟ... ਉਹ.... ਸੋਹਣੀ ਜਿਹੀ ਔਰਤ ਕੌਣ ਏ?

ਪਿਤਾ : ਉਹ ਮੇਰੀ ਬੇਟੀ ਦੀ ਨੌਕਰਾਣੀ ਏ।

(ਫੇਡ ਆਉਟ)

## ਦ੍ਰਿਸ਼ ਤੀਜਾ

*(ਸਥਾਨ: ਉਹੀ)*

*(ਚਾਂਦਨੀ ਘਰ ਵਿਚ ਝਾੜ ਪੂੰਝ ਕਰ ਰਹੀ ਹੈ, ਬੁੱਧੂ ਆਉਂਦਾ ਹੈ)*

ਬੁੱਧੂ : *(ਆਪਣੇ ਆਪ ਨਾਲ)* ਵਾਹ! ਕਿੰਨੀ ਖ਼ੂਬਸੂਰਤ ਚੀਜ਼ ਏ ਇਹ ਵੀ... ਆ ਜਾ। ਬੱਸ ਮੈਂ ਤੇਰੀ ਸੇਵਾ ਵਿਚ ਆਪਣੀ ਸਾਰੀ ਡਾਕਟਰੀ ਲੈ ਕੇ ਆਇਆ ਹਾਂ। ਤੂੰ ਮੈਨੂੰ ਗਲ ਨਾਲ ਲਾਉਣ ਲਈ ਤਿਆਰ ਰਹਿ। ਮੈਂ ਆਇਆ।
*{ਜਾ ਕੇ ਚਾਂਦਨੀ ਨੂੰ ਪਿੱਛੋਂ ਫੜਨ ਲੱਗਦਾ ਹੈ; ਪਰ ਕਾਲੂ ਵਿਚ ਆ ਜਾਂਦਾ ਹੈ ਤੇ ਜੱਫੀ ਕਾਲੂ ਨੂੰ ਪੈ ਜਾਂਦੀ ਹੈ ਤੇ ਉਹ ਬੁੱਧੂ ਨੂੰ ਚੁੱਕ ਕੇ ਪਹਿਲਾਂ ਵਾਲੀ ਥਾਂ ਖੜ੍ਹਾ ਕਰ ਦਿੰਦਾ ਹੈ}*

ਕਾਲੂ : ਡਾਕਟਰ ਸਾਹਿਬ, ਕਿਰਪਾ ਕਰਕੇ ਮੇਰੀ ਘਰ ਵਾਲੀ ਨੂੰ ਇਕੱਲਿਆਂ ਛੱਡ ਦਿਓ।

ਬੁੱਧੂ : ਕੀ? ਇਹ ਤੇਰੀ ਘਰਵਾਲੀ ਏ?

ਕਾਲੂ : ਜੀ ਹਾਂ।

ਬੁੱਧੂ : ਕਮਾਲ ਏ! ਮੈਨੂੰ ਪਤਾ ਹੀ ਨਹੀਂ ਸੀ! ਪਰ ਮੈਨੂੰ ਇਹ ਜਾਣਕੇ ਬੜੀ ਖ਼ੁਸ਼ੀ ਹੋਈ, ਤੁਹਾਡੇ ਦੋਵਾਂ ਲਈ *(ਅੱਗੇ ਵਧਦਾ ਹੈ ਚਾਂਦਨੀ ਵੱਲ, ਪਰ ਬੁੱਧੂ ਕਾਲੂ ਨੂੰ ਚੁੱਕ ਲੈਂਦਾ ਹੈ।)*

ਕਾਲੂ : ਜ਼ਰਾ ਹੌਲੀ ਡਾਕਟਰ ਸਾਹਿਬ, ਇੰਨਾ ਕੱਸ ਕੇ ਨਹੀਂ।

ਬੁੱਧੂ : ਕੀ ਤੈਨੂੰ ਯਕੀਨ ਨਹੀਂ ਕਿ ਮੈਂ ਵਾਕਈ ਬੜਾ ਖ਼ੁਸ਼ ਹਾਂ। ਖ਼ੁਸ਼ ਇਸ ਲਈ ਹਾਂ ਕਿ ਤੁਸੀਂ ਦੋਵੇਂ ਪਤੀ ਪਤਨੀ ਹੋ। ਤੈਨੂੰ ਇੰਨਾ ਚੰਗਾ ਪਤੀ ਅਤੇ ਤੈਨੂੰ ਇੰਨੀ ਸੋਹਣੀ ਪਤਨੀ ਮਿਲ ਜਾਣ ਤੇ ਮੈਂ ਤੁਹਾਨੂੰ ਮੁਬਾਰਕਬਾਦ ਦਿੰਦਾ ਹਾਂ।
*(ਫਿਰ ਉਸੇ ਤਰ੍ਹਾਂ ਕਰਦਾ ਹੈ)*

ਕਾਲੂ : ਹਜ਼ੂਰ, ਮੈਂ ਤੁਹਾਡੀ ਮੁਬਾਰਕਬਾਦੀ ਦੇ ਹੇਠਾਂ ਦਬਦਾ ਜਾ ਰਿਹਾ ਹਾਂ। ਕਿਰਪਾ ਕਰਕੇ ਇੰਨਾ ਭਾਰ ਨਾ ਚੜ੍ਹਾਓ।

ਬੁੱਧੂ : ਕੀ ਤੁਸੀਂ ਨਹੀਂ ਚਾਹੁੰਦੇ ਕਿ ਮੈਂ ਤੁਹਾਡੀ ਖ਼ੁਸ਼ੀ ਵਿਚ ਸ਼ਰੀਕ ਹੋਣ ਲਈ ਆਪਣੀ ਖ਼ੁਸ਼ੀ ਦਾ ਪ੍ਰਗਟਾਵਾ ਕਰਾਂ। ਕੀ ਮੈਨੂੰ ਖ਼ੁਸ਼ ਹੋਣ ਦਾ ਵੀ ਹੱਕ ਨਹੀਂ?

ਕਾਲੂ : ਤੁਸੀਂ ਜਿੰਨਾ ਵੀ ਖ਼ੁਸ਼ ਹੋਣਾ ਚਾਹੁੰਦੇ ਹੋ , ਇੱਧਰ ਆ ਕੇ ਹੋ ਲਵੋ, ਮੇਰੀ ਪਤਨੀ ਨੂੰ ਪ੍ਰੇਸ਼ਾਨ ਨਾ ਕਰੋ। *(ਬੁੱਧੂ ਨੂੰ ਇੱਕ ਪਾਸੇ ਲੈ ਜਾਂਦਾ ਹੈ)*

ਬੁੱਧੂ : ਮੇਰੀ ਗੱਲ ਧਿਆਨ ਨਾਲ ਸੁਣ! ਵੇਖ ਜਿਸ ਸ਼ਿੱਦਤ ਨਾਲ ਮੈਂ ਤੇਰੇ ਕੋਲ ਆਪਣੀ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਏ ਨਾ, ਜੇ ਉਸੇ ਹੀ ਸ਼ਿੱਦਤ ਨਾਲ ਤੇਰੀ ਪਤਨੀ ਨਾਲ ਨਾ ਕੀਤਾ ਤਾਂ ਇਹ ਤੇਰੀ ਪਤਨੀ ਨਾਲ ਬੇਇਨਸਾਫ਼ੀ ਹੋਵੇਗੀ। ਤੇ ਮਹਾਤਮਾਂ ਨੂੰ ਬੇਇਨਸਾਫ਼ੀ ਕਦੇ ਵੀ ਪਸੰਦ ਨਹੀਂ ਸੀ।

ਕਾਲੂ : *(ਸੋਚਦਾ ਹੋਇਆ)* ਮਹਾਤਮਾ? ਬੇਇਨਸਾਫ਼ੀ ? *(ਕਾਲੂ ਦੇ ਸੋਚਣ ਦੇ ਦਰਮਿਆਨ ਬੁੱਧੂ ਉਹਦੀ ਪਤਨੀ ਵੱਲ ਨੂੰ ਖਿਸਕਦਾ ਹੈ ਧਿਆਨ ਪੈਣ ਤੇ ਬੁੱਧੂ ਨੂੰ ਫੜਦਾ ਹੈ)* ਹਜੂਰ, ਇੰਨੀ ਖ਼ੁਸ਼ੀ ਨਾਲ ਕਿਤੇ ਮੇਰੀ ਪਤਨੀ ਮਰ ਹੀ ਨਾ ਜਾਵੇ। ਫੇਰ ਮੇਰੇ ਕੋਲ ਮੁਰਦਿਆਂ ਨੂੰ ਜੀਊਂਦੇ ਕਰਨ ਦਾ ਹੁਨਰ ਵੀ ਤੇ ਨਹੀਂ? *(ਬੁੱਧੂ ਨੂੰ ਧੱਕਾ ਦੇ ਕੇ ਚਾਂਦਨੀ ਨੂੰ ਲੈ ਕੇ ਖਿਸਕ ਜਾਂਦਾ ਹੈ।)*

*(ਫੇਡ ਆਊਟ)*

## ਦ੍ਰਿਸ਼ ਚੋਥਾ
## (ਉਹੀ ਸਥਾਨ)

*(ਬੁੱਧੂ ਤੇ ਪਿਤਾ ਬੈਠੇ ਗੱਲਾਂ ਕਰ ਰਹੇ ਹਨ। ਪਾਸੇ ਕਾਲੂ ਬੈਠਾ ਹੈ।*

ਪਿਤਾ : ਮੇਰੀ ਬੇਟੀ ਬਸ ਹੁਣੇ ਹੀ ਆ ਰਹੀ ਏ!

ਬੁੱਧੂ : ਮੇਰੇ ਕੋਲ ਦਵਾਈਆਂ ਦੀ ਕੋਈ ਕਮੀ ਨਹੀਂ।

ਪਿਤਾ : ਪਰ ਤੁਹਾਡਾ ਦਵਾਈਆਂ ਵਾਲਾ ਬੈਗ ਕਿੱਥੇ ਏ?

ਬੁੱਧੂ : ਦਵਾਈਆਂ ਮੇਰੀ ਪੋਟਲੀ ਵਿਚ ਨੇ।

ਪਿਤਾ : ਪਰ ਪੋਟਲੀ ਕਿੱਥੇ ਏ?

ਬੁੱਧੂ : *(ਸਿਰ ਵੱਲ ਇਸ਼ਾਰਾ ਕਰਕੇ)* ਇਸ ਚੇਤੇ ਵਾਲੀ ਪੋਟਲੀ ਵਿਚ!

ਪਿਤਾ : ਇਹ ਤਾਂ ਬਹੁਤ ਅੱਛੀ ਗੱਲ ਏ!

*(ਚਾਂਦਨੀ ਅੰਦਰ ਆਉਂਦੀ ਹੈ।)*

ਬੁੱਧੂ : *(ਚਾਂਦਨੀ ਵੱਲ ਵੇਖ ਕੇ)* ਪਰ ਕਿਉਂਕਿ ਮੈਂ ਤੁਹਾਡੇ ਸਾਰੇ ਪਰਿਵਾਰ ਲਈ ਚਿੰਤਤ ਹਾਂ, ਇਸ ਲਈ ਇਹ ਜ਼ਰੂਰੀ ਹੈ ਕਿ ਮੈਂ ਤੁਹਾਡੀ ਨੌਕਰਾਣੀ ਦੀ ਜਾਂਚ ਕਰਾਂ। ਇਸ ਵਾਸਤੇ ਇਹਦੇ ਦਿਲ ਦੀਆਂ ਧੜਕਣਾਂ ਨੂੰ ਗਿਣਨਾਂ ਬਹੁਤ ਜ਼ਰੂਰੀ ਏ।

ਕਾਲੂ : ਨਹੀਂ, ਇਸ ਤਰ੍ਹਾਂ ਨਹੀਂ ਹੋ ਸਕਦਾ। ਮੈਂ ਇਸ ਤਰ੍ਹਾਂ ਕਦੇ ਨਹੀਂ ਕਰਨ ਦਿਆਂਗਾ।

ਬੁੱਧੂ : ਪਰ ਤੂੰ ਇਕ ਡਾਕਟਰ ਨੂੰ ਉਸ ਦਾ ਫ਼ਰਜ਼ ਨਿਭਾਉਣ ਤੋਂ ਕਿਸ ਤਰ੍ਹਾਂ ਰੋਕ ਸਕਦਾ ਏਂ?

ਕਾਲੂ : ਤੁਹਾਨੂੰ ਆਪਣਾ ਫ਼ਰਜ਼ ਨਿਭਾਉਣ ਦੀ ਕੋਈ ਲੋੜ ਨਹੀਂ।

ਬੁੱਧੂ : ਤੇਰੀ ਇੰਨੀ ਹਿੰਮਤ ਕਿ ਤੂੰ ਇੱਕ ਡਾਕਟਰ ਦੀ ਗੱਲ ਨੂੰ ਨਾ ਮੰਨੇਂ? ਜਾਹ ਦੂਰ ਹੋ ਜਾ ਮੇਰੀਆਂ ਨਜ਼ਰਾਂ ਤੋਂ!

ਕਾਲੂ : ਹੂੰ! ਜਿੱਦਾਂ ਮੈਂ ਸੱਚੀਂ ਚਲਾ ਜਾਵਾਂਗਾ।

ਚਾਂਦਨੀ : ਤੁਸੀਂ ਚਲੇ ਕਿਉਂ ਨਹੀਂ ਜਾਂਦੇ? ਤੁਸੀਂ ਕੀ ਸਮਝਦੇ ਹੋ ਕਿ ਮੈਂ ਇੰਨੀ ਕਮਜ਼ੋਰ ਹਾਂ। ਹੱਥ ਲਾ ਕੇ ਤੇ ਵੇਖੇ?

(ਫੇਡ ਆਊਟ)

## ਦ੍ਰਿਸ਼ ਪੰਜਵਾਂ
## (ਉਹੀ ਸਥਾਨ)

*{ਪ੍ਰੀਤੀ ਤੇ ਚਾਂਦਨੀ ਬੈਠੀਆਂ ਹਨ।*

*(ਪਾਸੇ ਕਾਲੂ ਬੈਠਾ ਹੈ, ਬਾਹਰੋਂ ਬੁੱਧੂ ਤੇ ਪਿਤਾ ਗੱਲਾਂ ਕਰਦੇ ਆਉਂਦੇ ਹਨ}*

ਪਿਤਾ : ਡਾਕਟਰ ਸਾਹਿਬ, ਇਹ ਹੈ ਮੇਰੀ ਬੇਟੀ ਪ੍ਰੀਤੀ।

ਬੁੱਧੂ : ਕੀ ਇਹੀ ਮਰੀਜ਼ ਏ?

ਪਿਤਾ : ਹਾਂ, ਡਾਕਟਰ ਸਾਹਿਬ, ਇਹ ਮੇਰੀ ਇਕਲੌਤੀ ਲੜਕੀ ਏ ਤੇ ਜੇ ਇਹ ਮਰ ਗਈ ਤਾਂ ਮੈਂ ਕਾਸੇ ਜੋਗਾ ਨਹੀਂ ਰਹਾਂਗਾ।

ਬੁੱਧੂ : ਤਾਂ ਫਿਰ ਤੁਸੀਂ ਚਿੰਤਾ ਨਾ ਕਰੋ। ਡਾਕਟਰ ਦੀ ਇਜ਼ਾਜ਼ਤ ਬਿਨਾਂ ਇਹ ਨਹੀਂ ਮਰੇਗੀ। ਤੇ ਵੈਸੇ ਵੀ ਇਹ ਕੋਈ ਐਸਾ ਵੈਸਾ ਮਰੀਜ਼ ਨਹੀਂ। ਇਹਨੂੰ ਵੇਖ ਕੇ ਤਾਂ ਚੰਗਿਆਂ ਚੰਗਿਆਂ ਨੂੰ ਦਿਲ ਦਾ ਰੋਗ ਹੋ ਜਾਵੇ! *(ਕੁੜੀ ਹੱਸਦੀ ਹੈ)*

ਪਿਤਾ : ਵਾਹ! ਡਾਕਟਰ ਸਾਹਿਬ ਵਾਹ! ਤੁਸੀਂ ਤੇ ਇਸ ਨੂੰ ਹਸਾ ਦਿੱਤਾ।

ਬੁੱਧੂ : ਇਹ ਤਾਂ ਚੰਗੀ ਗੱਲ ਏ। ਮਰੀਜ਼ ਨੂੰ ਡਾਕਟਰ ਪਸੰਦ ਆ ਜਾਵੇ ਤਾਂ ਅੱਧਾ ਇਲਾਜ ਤੇ ਹੋ ਹੀ ਗਿਆ ਸਮਝੋ। ਹਾਂ ਤੇ ਪ੍ਰੀਤੀ ਜੀ ਤੁਹਾਨੂੰ ਤਕਲੀਫ਼ ਕੀ ਏ? ਦੱਸੋ? ਡਰਨ ਦੀ ਕੋਈ ਲੋੜ ਨਹੀਂ, ਕਹਿ ਦੇਵੋ ਤੁਸੀਂ।

ਪ੍ਰੀਤੀ : ਹਾਂ....ਹੀਂ....ਹੋ....ਹਾਂ

ਬੁੱਧੂ : ਹਾਂ...ਹੀਂ...ਹੋ....ਹਾਂ?

ਪ੍ਰੀਤੀ : ਹਾਂ...ਹੀਂ...ਹੋ...ਹਾਂ

ਬੁੱਧੂ : ਕੀ ਕਿਹਾ?

ਪ੍ਰੀਤੀ : ਹਾਂ....ਹੀ....ਹੋ....ਹਾਂ।

ਬੁੱਧੂ : ਮੈਂ ਕੁਝ ਸਮਝਿਆ ਨਹੀਂ। *(ਪਿਤਾ ਨੂੰ)* ਇਹ ਕਿਹੜੀ ਭਾਸ਼ਾ ਏ ਜੀ?

ਪਿਤਾ : ਇਹੀ ਤਾਂ ਇਹਦੀ ਬੀਮਾਰੀ ਏ। ਇਹ ਗੂੰਗੀ ਹੋ ਗਈ ਏ ਜਿਸਦਾ ਕਾਰਣ ਪਤਾ ਨਹੀਂ ਲਗ ਸਕਿਆ। ਇਸੇ ਲਈ ਇਹਦਾ ਵਿਆਹ ਰੁਕ ਗਿਆ ਏ।

ਬੁੱਧੂ : ਐਸਾ ਕਿਉਂ?

ਪਿਤਾ : ਇਹਦਾ ਹੋਣ ਵਾਲਾ ਪਤੀ ਇਹਦੇ ਨਾਲ ਵਿਆਹ ਕਰਵਾਉਣ ਲਈ ਉਦੋਂ ਤੱਕ ਰਾਜ਼ੀ ਨਹੀਂ ਹੋਵੇਗਾ ਜਦੋਂ ਤੱਕ ਇਹ ਬੋਲਣ ਨਹੀਂ ਲੱਗ ਪੈਂਦੀ।

ਬੁੱਧੂ : ਇਹ ਕਿਹੜਾ ਬੇਵਕੂਫ਼ ਇਨਸਾਨ ਏ, ਜਿਹੜਾ ਗੂੰਗੀ ਪਤਨੀ ਨਹੀਂ ਚਾਹੁੰਦਾ, ਕਾਸ਼! ਮੇਰੀ ਪਤਨੀ ਨੂੰ ਵੀ ਇਹੀ ਰੋਗ ਲੱਗ ਜਾਵੇ ਤੇ ਮੈਂ ਉਮਰ ਭਰ ਇਸੇ ਕੋਸ਼ਿਸ਼ ਵਿੱਚ ਲੱਗਾ ਰਹਾਂਗਾ ਕਿ ਕਿਤੇ ਉਹ ਠੀਕ ਨਾ ਹੋ ਜਾਵੇ।

ਪਿਤਾ : ਪਰ ਫ਼ਿਲਹਾਲ ਮੇਰੀ ਲੜਕੀ ਦਾ ਠੀਕ ਹੋਣਾ ਬੜਾ ਜ਼ਰੂਰੀ ਹੈ। ਜੇ ਤੁਸੀਂ ਇਸ ਪਾਸੇ ਕੋਸ਼ਿਸ਼ ਕਰੋ ਤਾਂ ਅਸੀਂ ਤੁਹਾਡੇ ਜ਼ਿਆਦਾ ਸ਼ੁਕਰਗੁਜ਼ਾਰ ਹੋਵਾਂਗੇ। ਤੁਸੀਂ ਆਪਣੀ ਪਤਨੀ ਨੂੰ ਗੋਲੀ ਮਾਰੋ!

ਬੁੱਧੂ : ਤੁਹਾਨੂੰ ਪਰੇਸ਼ਾਨ ਹੋਣ ਦੀ ਕੋਈ ਲੋੜ ਨਹੀਂ। ਪਰ ਇਕ ਗੱਲ ਦੱਸੋ ਕਿ ਕੀ ਇਸ ਬੀਮਾਰੀ ਨਾਲ ਉਹ ਬਹੁਤ ਦੁਖੀ ਏ?

ਪਿਤਾ : ਜੀ ਹਾਂ।

ਬੁੱਧੂ : ਇਹ ਤਾਂ ਚੰਗੀ ਗੱਲ ਏ। ਕੀ ਉਸ ਨੂੰ ਤਕਲੀਫ਼ ਹੁੰਦੀ ਏ?

ਪਿਤਾ : ਜੀ ਬਹੁਤ ਹੀ ਜ਼ਿਆਦਾ।

ਬੁੱਧੂ : ਇਹ ਤਾਂ ਹੋਰ ਵੀ ਚੰਗੀ ਗੱਲ ਏ। ਕੀ ਇਹ ਉਥੇ ਜਾਂਦੀ ਏ? ਮੇਰਾ ਮਤਲਬ ਸਮਝ ਗਏ ਹੋ ਨਾ ਤੁਸੀਂ?

ਪਿਤਾ : ਜੀ?...ਜੀ ਹਾਂ, ਜੀ ਹਾਂ।

ਬੁੱਧੂ : ਕਿੰਨੀ ਵਾਰੀ?

ਪਿਤਾ : ਜੀ ਇਹ ਤੇ ਮੈਨੂੰ ਪਤਾ ਨਹੀਂ।

ਬੁੱਧੂ : ਚਲੋ ਕੋਈ ਗੱਲ ਨਹੀਂ। ਜ਼ਰਾ ਆਪਣਾ ਹੱਥ ਇਧਰ ਲਿਆਓ ਪ੍ਰੀਤੀ ਜੀ। ਤੇ ਇਹ ਰਹੀ ਉਹ ਨਬਜ਼ ਜਿਸ ਨਾਲ ਤੁਹਾਨੂੰ ਪਤਾ ਲੱਗੇਗਾ ਕਿ ਉਹ ਗੂੰਗੀ ਹੈ।

ਪਿਤਾ : ਵਾਹ! ਤੁਸੀਂ ਕਿੰਨੀ ਜਲਦੀ ਇਸ ਦੀ ਬੀਮਾਰੀ ਦਾ ਪਤਾ ਲਗਾ ਲਿਆ ਏ।

ਬੁੱਧੂ : ਹਾਂ- ਹਾਂ।

ਚਾਂਦਨੀ : ਡਾਕਟਰ ਸਾਹਿਬ, ਜ਼ਰਾ ਇਹ ਵੀ ਪਤਾ ਲਗਾ ਕੇ ਦੱਸੋ ਕਿ ਇਸ ਬੀਮਾਰੀ ਦਾ ਕਾਰਨ ਕੀ ਏ?

ਬੁੱਧੂ : ਸਾਡੇ ਵਰਗੇ ਮਹਾਨ ਡਾਕਟਰਾਂ ਨੂੰ ਪਤਾ ਲਗਾਉਣ ਲਈ ਬਹੁਤੀ ਕੋਸ਼ਿਸ਼ ਨਹੀਂ ਕਰਨੀ ਪੈਂਦੀ। ਕੋਈ ਬੇਵਕੂਫ਼ ਡਾਕਟਰ ਹੁੰਦਾ ਤਾਂ ਕਹਿੰਦਾ ਕਿ ਇਸ ਨੂੰ ਆਹ ਨੁਕਸ ਏ- ਔਹ ਨੁਕਸ ਏ, *(ਚਾਂਦਨੀ ਵੱਲ )* ਪਰ ਮੈਂ ਤੇ ਸਿੱਧਾ ਨਿਸ਼ਾਨੇ ਤੇ ਹੀ ਤੀਰ ਮਾਰਦਾ ਹਾਂ। *(ਪਿਤਾ ਨੂੰ)* ਹਾਂ ਤੇ ਤੁਹਾਡੀ ਲੜਕੀ ਗੂੰਗੀ ਹੈ।

ਪਿਤਾ : ਪਰ ਇਹ ਗੂੰਗੀ ਕਿਉਂ ਹੈ? ਜੇ ਤੁਸੀਂ ਇਹ ਵੀ ਦੱਸ ਸਕੋ ਤਾਂ ਠੀਕ ਹੋਵੇਗਾ।

ਬੁੱਧੂ : ਹੈਂ?... ਇਹ ਤਾਂ ਬਹੁਤ ਸਿੱਧੀ ਗੱਲ ਹੈ। ਇਹਦੇ ਗੂੰਗੇ ਹੋਣ ਦਾ ਇੱਕ ਕਾਰਨ ਏ ਅਤੇ ਉਹ ਇਹ ਕਿ ਇਹਦੀ ਬੋਲਣ ਦੀ ਸ਼ਕਤੀ ਗੁੰਮ ਹੋ ਗਈ ਏ।

ਪਿਤਾ : ਬਹੁਤ ਅੱਛੇ! ਪਰ ਇਹ ਦੱਸੋ ਕਿ ਇਸਦੀ ਬੋਲਣ ਦੀ ਸ਼ਕਤੀ ਗੁੰਮ ਕਿਉਂ ਹੋ ਗਈ ਏ?

ਬੁੱਧੂ : ਇਥੋਂ ਦੇ ਕਿਸੇ ਵੀ ਕਾਬਿਲ ਤੋਂ ਕਾਬਿਲ ਆਦਮੀ ਤੋਂ ਤੁਸੀਂ ਪੁੱਛੋਗੇ ਤਾਂ ਉਹ ਇਹੀ ਕਹੇਗਾ ਕਿ ਜੀਭ ਦੀ ਗੜਬੜ ਕਰਕੇ ਇਸ ਤਰ੍ਹਾਂ ਹੋ ਜਾਂਦਾ ਏ।

ਪਿਤਾ : ਪਰ ਗੜਬੜ ਦੇ ਬਾਰੇ ਤੁਸੀਂ ਕੀ ਕਹਿੰਦੇ ਹੋ?

ਬੁੱਧੂ : ਧਨੰਤਰ ਨੇ ਇਸ ਬਾਰੇ ਵਿਚ ਕਾਫ਼ੀ ਕੁਝ ਕਿਹਾ ਏ।

ਪਿਤਾ : ਜ਼ਰੂਰ ਕਿਹਾ ਹੋਵੇਗਾ।

ਬੁੱਧੂ : ਧਨੰਤਰ ਵੀ ਕਿੰਨਾ ਵਧੀਆ ਆਦਮੀ ਸੀ, ਮੇਰੇ ਨਾਲੋਂ ਉਹ ਘੱਟੋ-ਘੱਟ ਇੰਨਾ ਮਹਾਨ ਤੇ ਹੋਵੇਗਾ ਹੀ। ਖ਼ੈਰ ਛੱਡੋ ਇਸ ਗੱਲ ਨੂੰ। ਅਸੀਂ ਕੰਮ ਦੀ ਗੱਲ ਕਰੀਏ ਤਾਂ ਜਨਾਬ ਇਸ ਤਰ੍ਹਾਂ ਹੈ ਕਿ ਹਰ ਇਨਸਾਨ ਦੇ ਸੀਨੇ ਵਿਚ ਲੀਵਰ ਖੱਬੇ ਅਤੇ ਦਿਲ ਸੱਜੇ ਪਾਸੇ ਹੁੰਦਾ ਤੇ ਜਦੋਂ....

ਚਾਂਦਨੀ : ਵਾਹ! ਕਿੰਨਾ ਸੋਹਣਾ ਅੰਦਾਜ਼ ਏ ਗੱਲ ਕਰਨ ਦਾ।

ਕਾਲੂ : ਕਾਸ਼! ਮੇਰੇ ਕੋਲ ਵੀ ਐਸੀ ਜ਼ੁਬਾਨ ਹੁੰਦੀ।

ਪਿਤਾ : ਤੁਹਾਡੀਆਂ ਗੂੜ੍ਹ ਗਿਆਨ ਦੀਆਂ ਗੱਲਾਂ ਨੇ ਤਾਂ ਰੰਗ ਬੰਨ੍ਹ ਦਿੱਤਾ। ਪਰ ਇੱਕ ਗੱਲ ਮੇਰੀ ਸਮਝ ਵਿਚ ਨਹੀਂ ਆਈ, ਉਹ ਲੀਵਰ ਅਤੇ ਦਿਲ ਵਾਲੀ ਗੱਲ। ਕਿਤੇ ਤੁਸੀਂ ਗਲਤੀ ਨਾਲ ਇਹਨਾਂ ਦੀ ਥਾਂ ਤੇ ਨਹੀਂ ਬਦਲ ਦਿੱਤੀ। ਜਿੱਥੋਂ ਤੱਕ ਮੈਂ ਸੁਣਿਆ ਏ, ਲੀਵਰ ਸੱਜੇ ਪਾਸੇ ਅਤੇ ਦਿਲ ਖੱਬੇ ਪਾਸੇ ਹੁੰਦਾ ਏ।

ਬੁੱਧੂ : ਪਹਿਲਾਂ ਇਸ ਤਰ੍ਹਾਂ ਹੀ ਹੁੰਦਾ ਸੀ, ਪਰ ਉਹ ਸਭ ਕੁਝ ਹੁਣ ਪੁਰਾਣਾ ਹੋ ਚੁੱਕਾ ਹੈ। ਤੁਸੀਂ ਨਹੀਂ ਜਾਣਦੇ ਕਿ ਡਾਕਟਰੀ ਦੀ ਦੁਨੀਆਂ ਕਿਥੋਂ ਲੈ ਕੇ ਕਿਥੋਂ ਤੱਕ ਪੁੱਜ ਗਈ ਏ?

ਪਿਤਾ : ਬੱਸ, ਇਹੀ ਜਾਨਣਾ ਚਾਹੁੰਦਾ ਸੀ ਮੈਂ। ਤੁਹਾਡਾ ਬਹੁਤ ਬਹੁਤ ਸ਼ੁਕਰੀਆ। ਮੈਂ ਆਪਣੀ ਅਗਿਆਨਤਾ ਤੋਂ ਕਾਫ਼ੀ ਸ਼ਰਮਿੰਦਾ ਹਾਂ।

ਬੁੱਧੂ : ਇਹਦੇ ਵਿਚ ਸ਼ਰਮਿੰਦਾ ਹੋਣ ਵਾਲੀ ਕੋਈ ਗੱਲ ਨਹੀਂ। ਇਹ ਕੋਈ ਜ਼ਰੂਰੀ ਨਹੀਂ ਕਿ ਤੁਸੀਂ ਵੀ ਉਨੇ ਹੀ ਗਿਆਨ ਵਾਲੇ ਹੋਵੋ, ਜਿੰਨੇ ਕਿ ਅਸੀਂ ਡਾਕਟਰ ਲੋਕ!

ਪਿਤਾ : ਤੁਸੀਂ ਬਿਲਕੁਲ ਠੀਕ ਫੁਰਮਾਇਆ। ਅੱਛਾ, ਇਹ ਦੱਸੋ ਕਿ ਐਸੀ ਹਾਲਤ ਵਿਚ ਕੀ ਕਰਨਾ ਚਾਹੀਦਾ ਏ?

ਬੁੱਧੂ : ਇਹ ਵੀ ਮੈਂ ਦੱਸਾਂ?

ਪਿਤਾ : ਤੇ ਹੋਰ ਕੌਣ ਦੱਸੇਗਾ?

ਬੁੱਧੂ : ਉਹ...ਉਹ...ਹਾਂ ਹਾਂ...ਮੈਂ ਹੀ ਦੱਸਾਂਗਾ। ਮੇਰਾ ਖ਼ਿਆਲ ਏ ਕਿ ਲੜਕੀ ਨੂੰ ਕੁਝ ਦਿਨ ਆਰਾਮ ਕਰਨਾ ਚਾਹੀਦਾ ਏ ਅਤੇ ਖਾਣੇ ਵਿਚ ਸ਼ਰਾਬ ਵਿਚ ਡੁਬੋ ਕੇ ਦੋ ਬ੍ਰੈੱਡ ਦੇ ਪੀਸ ਸਵੇਰੇ ਤੇ ਦੋ ਸ਼ਾਮ ਨੂੰ ਲੈਣੇ ਚਾਹੀਦੇ ਨੇ। ਤੇ ਬਚੀ ਹੋਈ ਸ਼ਰਾਬ ਡਾਕਟਰ ਲਈ ਰੱਖ ਲੈਣੀ।

ਪਿਤਾ : ਉਹ ਕਿਉਂ ਡਾਕਟਰ ਸਾਹਿਬ?

ਬੁੱਧੂ : ਕਿਉਂਕਿ ਸ਼ਰਾਬ ਵਿਚ ਡੁੱਬੇ ਬ੍ਰੈੱਡ ਦੇ ਪੀਸਾਂ ਵਿਚ ਉਹ ਜ਼ਬਰਦਸਤ ਸ਼ਕਤੀ ਹੁੰਦੀ ਏ ਜਿਸ ਨਾਲ ਇਨਸਾਨ ਬੋਲਣ ਲਈ ਮਜਬੂਰ ਹੋ ਜਾਂਦਾ ਏ, ਤੁਸੀਂ ਨਹੀਂ ਸੁਣਿਆ ਕਿ ਤੋਤਿਆਂ ਨੂੰ ਬੋਲਣਾ ਸਿਖਾਉਣ ਲਈ ਉਹਨਾਂ ਨੂੰ ਇਹੀ ਖਾਣ ਨੂੰ ਦਿੰਦੇ ਨੇ?

ਪਿਤਾ : ਵਾਹ! ਡਾਕਟਰ ਸਾਹਿਬ, ਵਾਹ! ਤੁਹਾਡੇ ਵਰਗਾ ਵਿਦਵਾਨ ਮੈਂ ਅੱਜ ਤੱਕ ਨਹੀਂ ਵੇਖਿਆ।

ਬੁੱਧੂ : ਮੈਂ ਸ਼ਾਮ ਨੂੰ ਫੇਰ ਉਸ ਨੂੰ ਵੇਖਣ ਲਈ ਆਵਾਂਗਾ। ਹੁਣ ਮੈਂ ਚੱਲਦਾਂ।

ਪਿਤਾ : ਖਾਣਾ ਖਾ ਕੇ ਚਲੇ ਜਾਣਾ।

ਬੁੱਧੂ : ਜੀ ਨਹੀਂ, ਮੈਂ ਛਕ ਕੇ ਆਇਆਂ।

ਪਿਤਾ : ਪਰ ਆਪਣੀ ਫੀਸ ਤੇ ਲੈਂਦੇ ਜਾਓ।

ਬੁੱਧੂ : ਨਹੀਂ ਜੀ, ਮੈਨੂੰ ਕੋਈ ਫੀਸ-ਫਾਸ ਨਹੀਂ ਚਾਹੀਦੀ।

ਪਿਤਾ : ਇੱਕ ਮਿੰਟ ਤੇ ਰੁਕੋ!

ਬੁੱਧੂ : ਮੈਂ ਕਿਹਾ ਜੀ ਸਵਾਲ ਹੀ ਨਹੀਂ ਉੱਠਦਾ।

ਪਿਤਾ : ਹੁਣ ਲੈ ਵੀ ਲਵੋ।

ਬੁੱਧੂ : ਤੁਸੀਂ ਮੈਨੂੰ ਗਲ਼ਤ ਸਮਝ ਰਹੇ ਹੋ।

ਪਿਤਾ : ਫੀਸ ਤੇ ਹਜ਼ੂਰ ਸਾਰੇ ਲੈਂਦੇ ਨੇ।

ਬੁੱਧੂ : ਨਹੀਂ ਜੀ, ਨਹੀਂ।

ਪਿਤਾ : ਪਲੀਜ਼!

ਬੁੱਧੂ : ਮੈਂ ਡਾਕਟਰ ਹਾਂ, ਵਪਾਰੀ ਨਹੀਂ।

ਪਿਤਾ : ਫਿਰ ਕੀ ਹੋਇਆ? ਲੈ ਲਓ ਤੁਸੀਂ।

ਬੁੱਧੂ : ਕੀ ਇਹ ਜ਼ਰੂਰੀ ਨੇ?

ਪਿਤਾ : ਜੀ ਹਾਂ।

ਬੁੱਧੂ : ਵੇਖੋ ਜੀ, ਮੈਨੂੰ ਪੈਸਿਆਂ ਦਾ ਜ਼ਰਾ ਵੀ ਲਾਲਚ ਨਹੀਂ।

ਪਿਤਾ : ਮੈਂ ਤੁਹਾਡੇ ਨਾਲ ਸਹਿਮਤ ਹਾਂ।

ਬੁੱਧੂ : ਮੈਂ ਪੈਸੇ ਦਾ ਗ਼ੁਲਾਮ ਨਹੀਂ।

ਪਿਤਾ : ਮੈਂ ਤੇ ਐਸਾ ਸੋਚ ਵੀ ਨਹੀਂ ਸਕਦਾ।

ਬੁੱਧੂ : *(ਪੈਸੇ ਲੈ ਕੇ ਜੇਬ ਵਿਚ ਪਾਉਂਦਾ ਹੋਇਆ)* ਤੁਸੀਂ ਕਿਤੇ ਬੀਮਾਰ ਨਾ ਪੈ ਜਾਓ, ਇਸ ਲਈ ਤੁਹਾਡੇ ਬਦਲੇ ਮੈਂ ਦਵਾਈ ਖਰੀਦ ਲਵਾਂਗਾ।

(ਫੇਡ ਆਊਟ)

## ਐਕਟ ਤੀਜਾ

## ਦ੍ਰਿਸ਼ ਪਹਿਲਾ

*{ਸਥਾਨ: ਬੁੱਧੂ ਦੀ ਦੁਕਾਨ। ਪ੍ਰੇਮ ਬੈਂਚ ਤੇ ਬੈਠਾ ਬੁੱਧੂ ਨੂੰ ਉਡੀਕ ਰਿਹਾ ਹੈ। ਬੁੱਧੂ ਆਉਂਦਾ ਹੈ।}*

ਪ੍ਰੇਮ : ਡਾਕਟਰ ਸਾਹਿਬ ਮੈਂ ਬੜੀ ਦੇਰ ਤੋਂ ਤੁਹਾਡੀ ਉਡੀਕ ਕਰ ਰਿਹਾ ਹਾਂ। ਮੈਨੂੰ ਤੁਹਾਡੀ ਸਹਾਇਤਾ ਦੀ ਸਖ਼ਤ ਲੋੜ ਏ।

ਬੁੱਧੂ : (ਉਸ ਨੂੰ ਬਾਹੋਂ ਫੜ ਕੇ ਨਬਜ਼ ਟੋਟਲਦਾ ਹੈ) ਨਿਹਾਇਤ ਹੀ ਘਟੀਆ ਦਰਜੇ ਦੀ ਨਬਜ਼ ਏ ਤੇਰੀ। ਕਿੱਥੋਂ ਮਿਲੀ ਤੈਨੂੰ?

ਪ੍ਰੇਮ : ਜਨਾਬ! ਮੈਨੂੰ ਕੋਈ ਬੀਮਾਰੀ ਨਹੀਂ।

ਬੁੱਧੂ : ਅੱਛਾ! ਜੇ ਬੀਮਾਰੀ ਨਹੀਂ ਤਾਂ ਇਥੇ ਅੰਬ ਲੈਣ ਆਇਆ ਏਂ? ਹੈਂ?

ਪ੍ਰੇਮ : ਵੇਖੋ, ਸਮਾਂ ਬਹੁਤ ਘੱਟ ਏ। ਮੇਰਾ ਨਾਂ ਪ੍ਰੇਮ ਏ, ਤੁਸੀਂ ਸਮਝ ਹੀ ਗਏ ਹੋਵੋਗੇ? ਯਾਨੀ ਕਿ ਪ੍ਰੀਤੀ ਦਾ ਪ੍ਰੇਮੀ। ਪਰ, ਕਿਉਂਕਿ ਪ੍ਰੀਤੀ ਦੇ ਬੇਰਹਿਮ ਬਾਪ ਨੇ ਸਾਡੇ ਮਿਲਣ ਦੇ ਸਾਰੇ ਰਾਹ ਬੰਦ ਕਰ ਦਿੱਤੇ ਨੇ। ਇਸ ਲਈ ਮੈਂ ਤੁਹਾਡੇ ਕੋਲੋਂ ਮਦਦ ਲੈਣ ਲਈ ਹਾਜ਼ਿਰ ਹੋਇਆ ਹਾਂ। ਤੁਸੀਂ ਮੈਨੂੰ ਆਪਣਾ ਕੰਪਾਊਂਡਰ ਬਣਾ ਲਵੋ ਤਾਂ ਕਿ ਮੈਂ ਉਸ ਨੂੰ ਮਿਲ ਸਕਾਂ। ਇਹ ਮੇਰੇ ਲਈ ਜ਼ਿੰਦਗੀ ਤੇ ਮੌਤ ਦਾ ਸਵਾਲ ਏ ਡਾਕਟਰ ਸਾਹਿਬ।

ਬੁੱਧੂ : ਤੂੰ ਮੈਨੂੰ ਕੀ ਸਮਝਿਆ ਏ? ਤੂੰ ਇਹ ਸੋਚਿਆ ਵੀ ਕਿਵੇਂ ਕਿ ਮੈਂ ਆਪਣੇ ਰੋਜ਼ਗਾਰ ਦੀ ਪਵਿੱਤਰਤਾ ਨੂੰ ਮਿੱਟੀ ਵਿਚ ਰੁਲਾ ਦੇਵਾਂਗਾ।

ਪ੍ਰੇਮ : ਡਾਕਟਰ ਸਾਹਿਬ, ਇੰਨਾ ਜ਼ੋਰ ਨਾਲ ਨਾ ਬੋਲੋ।

ਬੁੱਧੂ : ਕਿਉਂ ਨਾ ਬੋਲਾਂ? ਤੂੰ ਇਹ ਜੁਰੱਅਤ ਹੀ ਕਿਉਂ ਕੀਤੀ?

ਪ੍ਰੇਮ : ਹਜ਼ੂਰ ਜ਼ਰਾ ਹੌਲੀ!

ਬੁੱਧੂ : ਬੇਵਕੂਫ਼, ਬਾਂਦਰ ਕਿਸੇ ਥਾਂ ਦਾ!

ਪ੍ਰੇਮ : ਹੁਣ ਗੁੱਸਾ ਥੁੱਕ ਵੀ ਦਿਓ ਨਾ।

ਬੁੱਧੂ : ਕਿਸ ਤਰ੍ਹਾਂ ਥੁੱਕਾਂ? ਇਹ ਤੇ ਮੇਰੇ ਖ਼ੂਨ ਵਿਚ ਉਤਰ ਆਇਆ ਏ। ਇਹ ਸੁਣ ਕੇ ਕਿ ਤੂੰ ਮੈਨੂੰ ਇੰਨਾ ਘਟੀਆ ਕੰਮ ਕਰਨ ਨੂੰ ਕਿਹਾ ਏ।

ਪ੍ਰੇਮ : *(ਬੁੱਧੂ ਨੂੰ ਪੈਸੇ ਤੇ ਸ਼ਰਾਬ ਦੀ ਬੋਤਲ ਦਿੰਦਿਆਂ ਹੋਇਆਂ)* ਹਜ਼ੂਰ!

ਬੁੱਧੂ : *(ਪੈਸੇ ਤੇ ਸ਼ਰਾਬ ਦੀ ਬੋਤਲ ਲੈ ਕੇ ਦਰਸ਼ਕਾਂ ਨੂੰ)* ਜੇ ਕੋਈ ਤੁਹਾਨੂੰ ਇੰਨਾ ਘਟੀਆ ਕੰਮ ਕਰਨ ਲਈ ਕਹੇ ਤਾਂ ਕੀ ਤੁਸੀਂ ਕਰੋਗੇ? ਬਿਲਕੁਲ ਨਹੀਂ ਕਰੋਗੇ। *(ਪ੍ਰੇਮ ਨੂੰ)* ਮੈਂ ਤੇਰੀ ਗੱਲ ਨਹੀਂ ਕਰ ਰਿਹਾ ਕਿਉਂਕਿ ਤੂੰ ਤੇ ਇੱਕ ਇਮਾਨਦਾਰ ਇਨਸਾਨ ਏਂ ਅਤੇ ਤੇਰਾ ਕੰਮ ਕਰਕੇ ਤੇ ਮੈਨੂੰ ਖ਼ੁਸ਼ੀ ਹੀ ਹੋਵੇਗੀ। ਪਰ ਇਸ ਦੁਨੀਆਂ ਵਿਚ ਇਸ ਤਰ੍ਹਾਂ ਦੇ ਬੇਵਕੂਫ਼ ਵੀ ਮੌਜੂਦ ਨੇ, ਜੋ ਲੋਕਾਂ ਦੇ ਬਾਰੇ ਵਿੱਚ ਉਹ ਸਭ ਕੁਝ ਸਮਝ ਲੈਂਦੇ ਨੇ, ਜੋ ਉਹ ਨਹੀਂ ਹੁੰਦੇ ਅਤੇ ਉਹ ਸਭ ਕੁਝ ਨਹੀਂ ਸਮਝਦੇ, ਜੋ ਉਹ ਹੁੰਦੇ ਨੇ। ਮੈਨੂੰ ਇਸ ਤਰ੍ਹਾਂ ਦੀ ਬੇਵਕੂਫ਼ੀ ਤੋਂ ਸਖਤ ਨਫ਼ਰਤ ਏ।

ਪ੍ਰੇਮ : ਡਾਕਟਰ ਸਾਹਿਬ, ਮੈਂ ਮੁਆਫ਼ੀ ਚਾਹੁੰਦਾ ਹਾਂ, ਜੇ ਮੈਂ ਤੁਹਾਨੂੰ ਗਲ਼ਤ ਸਮਝ ਬੈਠਾ ਹੋਵਾਂ ਤਾਂ।

ਬੁੱਧੂ : ਮੈਨੂੰ ਮਜ਼ਾਕ ਪਸੰਦ ਨਹੀਂ। ਖ਼ੈਰ ਛੱਡ, ਇਹ ਗੱਲ ਦੱਸ ਕਿ ਮਾਮਲਾ ਕੀ ਏ?

ਪ੍ਰੇਮ : ਲਓ ਸੁਣੋ ਫਿਰ, ਜਿਸ ਬੀਮਾਰੀ ਦਾ ਤੁਸੀਂ ਇਲਾਜ ਕਰੋਗੇ, ਉਹ ਬੀਮਾਰੀ ਨਹੀਂ ਸਗੋਂ ਇਕ ਬਹਾਨਾ ਏ। ਡਾਕਟਰਾਂ ਨੇ ਇਸਨੂੰ ਬੀਮਾਰੀ ਸਮਝਦੇ ਹੋਏ ਕਈ ਕਈ ਬਹਿਸਾਂ ਕਰਕੇ ਆਪਣਾ ਫ਼ਰਜ਼ ਅਦਾ ਕਰ ਛੱਡਿਆ। ਕਿਸੇ ਨੇ ਕਿਹਾ ਕਿ ਲੜਕੀ ਦੇ ਦਿਮਾਗ ਤੇ ਸੱਟ ਲੱਗੀ ਏ, ਕੋਈ ਕਹਿੰਦਾ ਕਿ ਇਹਦੀ ਜ਼ੁਬਾਨ ਨੂੰ ਲਕਵਾ ਮਾਰ ਗਿਆ ਹੈ ਵਗੈਰਾ ਵਗੈਰਾ; ਪਰ ਇਸ ਦੇ ਅਸਲੀ ਕਾਰਨ ਨੂੰ ਕੋਈ ਨਾ ਸਮਝ ਸਕਿਆ ਅਤੇ ਉਹ ਹੈ ਪਿਆਰ। ਡਾਕਟਰ ਸਾਹਿਬ, ਪ੍ਰੀਤੀ ਜਾਣ ਬੁੱਝ ਕੇ ਗੂੰਗੀ ਬਣੀ ਹੋਈ ਹੈ ਤਾਂ ਕਿ ਉਸਦੀ ਸ਼ਾਦੀ ਉਹਦੀ ਮਰਜ਼ੀ ਦੇ ਖਿਲਾਫ਼ ਨਾ ਹੋ ਜਾਵੇ, ਹਾਂ ਸੱਚ, ਜੇ ਆਪਾਂ ਕਿਤੇ ਹੋਰ ਜਾ ਕੇ ਗੱਲਾਂ ਕਰੀਏ ਤਾਂ ਜ਼ਿਆਦਾ ਚੰਗਾ ਹੋਵੇਗਾ।

ਬੁੱਧੂ : ਤੇਰੀਆਂ ਗੱਲਾਂ ਸੁਣ ਕੇ ਮੈਨੂੰ ਤੇਰੇ ਪਿਆਰ ਨਾਲ ਪਿਆਰ ਹੋ ਗਿਆ ਏ। ਮੈਂ ਵਾਅਦਾ ਕਰਦਾ ਹਾਂ ਕਿ ਮੇਰੇ ਇਲਾਜ ਕਰਨ ਤੋਂ ਬਾਅਦ ਜਾਂ ਤੇ ਮਰੀਜ਼ ਰੱਬ ਨੂੰ ਪਿਆਰਾ ਹੋ ਜਾਵੇਗਾ ਜਾਂ ਫੇਰ ਤੈਨੂੰ। ਤੂੰ ਇਸ ਤਰ੍ਹਾਂ ਕਰ, ਅੰਦਰ ਜਾਹ, ਉਥੇ ਕਿੱਲੀ ਤੇ ਇਕ ਚਿੱਟੇ ਰੰਗ ਦਾ ਗਾਊਨ ਟੰਗਿਆ ਪਿਆ ਏ। ਝੱਟ ਪੱਟ ਉਹ ਪਹਿਨ ਕੇ ਆ। ਬਾਕੀ ਫੇਰ ਵੇਖਾਂਗੇ। (ਪ੍ਰੇਮ ਅੰਦਰ ਜਾਂਦਾ ਹੈ। ਬੁੱਧੂ ਦਰਸ਼ਕਾਂ ਨੂੰ) ਹੁਣ ਅਸੀਂ ਆਸ਼ਕਾਂ ਦਾ ਇਲਾਜ ਵੀ ਕਰਾਂਗੇ ਤਾਂ ਕਿ ਲੋਕਾਂ ਨੂੰ ਪਤਾ ਲੱਗੇ ਕਿ ਅਸੀਂ ਸੋਲ੍ਹਾਂ ਕਲਾ ਸੰਪੂਰਨ ਡਾਕਟਰ ਹਾਂ।

ਪ੍ਰੇਮ : *(ਬਾਹਰ ਆਉਂਦਾ ਹੋਇਆ, ਹੁਣ ਉਸਨੇ ਗਾਊਨ ਪਹਿਨਿਆ ਹੋਇਆ ਹੈ)* ਡਾਕਟਰ ਸਾਹਿਬ ਇਸ ਪਹਿਰਾਵੇ ਵਿਚ ਕੌਣ ਕਹੇਗਾ ਕਿ ਮੈਂ ਕੰਪਾਊਂਡਰ ਨਹੀਂ, ਤੇ ਨਾਲੇ ਫਿਰ ਪ੍ਰੀਤੀ ਦੇ ਪਿਓ ਨੇ ਵੀ ਮੈਨੂੰ ਇਕ ਅੱਧੀ ਵਾਰ ਹੀ ਵੇਖਿਆ ਏ, ਉਹ ਤੇ ਮੈਨੂੰ ਪਛਾਨਣ ਤੋਂ ਰਿਹਾ।

ਬੁੱਧੂ : ਇਹਦੇ ਵਿਚ ਕੀ ਸ਼ੱਕ ਏ?

ਪ੍ਰੇਮ : ਬੱਸ, ਜੇ ਤੁਸੀਂ ਮੈਨੂੰ ਡਾਕਟਰੀ ਦੇ ਚਾਰ ਕੁ ਭਾਰੇ ਭਾਰੇ ਲਫ਼ਜ਼ ਸਿਖਾ ਦੇਵੋ ਤਾਂ ਮੇਰੀ ਨੌਕਰੀ ਪੂਰੀ ਹੀ ਸਮਝੋ।

ਬੁੱਧੂ : ਓਏ ਉਹਦੀ ਕੋਈ ਲੋੜ ਨਹੀਂ, ਇਹ ਗਾਊਨ ਹੀ ਕਾਫ਼ੀ ਏ। ਵੈਸੇ ਮੈਨੂੰ ਵੀ ਕਿੱਥੇ ਆਉਂਦੇ ਨੇ।

ਪ੍ਰੇਮ : ਕੀ?

ਬੁੱਧੂ : ਮੈਨੂੰ ਸ਼ੈਤਾਨ ਦੀ ਮਾਰ ਪਵੇ, ਜੇ ਮੈਂ ਡਾਕਟਰੀ ਦਾ ਇੱਕ ਵੀ ਲਫ਼ਜ਼ ਜਾਣਦਾ ਹੋਵਾਂ। ਕਿਉਂਕਿ ਤੂੰ ਇਕ ਸਰੀਫ਼ ਇਨਸਾਨ ਏਂ, ਇਸ ਲਈ ਤੈਨੂੰ ਇਹ ਦੱਸਣ ਵਿਚ ਮੈਨੂੰ ਕੋਈ ਸੰਕੋਚ ਨਹੀਂ।

ਪ੍ਰੇਮ : *(ਹੈਰਾਨ ਹੋ ਕੇ)* ਤੇ ਕੀ ਤੁਸੀਂ ਸੱਚਮੁਚ...ਡਾਕਟਰ ਨਹੀਂ?

ਬੁੱਧੂ : ਬਿਲਕੁਲ ਹੀ ਨਹੀਂ। ਮੇਰੇ ਨਾਂਹ ਕਰਨ ਦੇ ਬਾਵਜੂਦ ਵੀ ਉਨ੍ਹਾਂ ਨੇ ਮੈਨੂੰ ਕੁੱਟ ਕੁੱਟ ਕੇ ਡਾਕਟਰ ਬਣਾ ਦਿਤਾ। ਮੇਰੀ ਇੰਨਾ ਵਿਦਵਾਨ ਬਣਨ ਦੀ ਕਦੇ ਵੀ ਇੱਛਾ ਨਹੀਂ ਸੀ। ਮੈਂ ਤੇ ਛੇ ਸਾਲ ਦਾ ਹੁੰਦਿਆਂ ਹੀ ਪੜ੍ਹਾਈ ਛੱਡ ਦਿੱਤੀ ਸੀ। ਉਨ੍ਹਾਂ ਨੇ ਮੈਨੂੰ ਡਾਕਟਰ ਕਿਉਂ ਬਣਾਇਆ; ਇਹ ਹਾਲੇ ਤੱਕ ਮੇਰੀ ਸਮਝ ਵਿਚ ਨਹੀਂ ਆ ਸਕਿਆ। ਮੈਂ ਵੀ ਸੋਚਿਆ ਕਿ ਕੁੱਟ ਖਾਣ ਨਾਲੋਂ ਤਾਂ ਇਹੀ ਚੰਗਾ ਹੋਊ ਕਿ ਮੈਂ ਡਾਕਟਰ ਬਣ ਜਾਵਾਂ ਤੇ ਹੁਣ ਇਹ ਹਾਲ ਏ ਕਿ ਪਤਾ ਨਹੀਂ ਕਿੱਥੋਂ ਕਿੱਥੋਂ ਦੇ ਲੋਕ ਮੇਰੇ ਕੋਲੋਂ ਇਲਾਜ ਕਰਵਾਉਣ ਲਈ ਆਉਂਦੇ ਨੇ। ਸੋਚਦਾਂ ਹਾਂ ਕਿ ਹੁਣ ਤੇ ਜ਼ਿੰਦਗੀ ਭਰ ਇਹੀ ਧੰਦਾ ਕਰਦਾ ਰਹਾਂ। ਇਸ ਪੇਸ਼ੇ ਦਾ ਵੀ ਕੋਈ ਜੁਆਬ ਨਹੀਂ। ਇਕ ਡਾਕਟਰ ਭਾਵੇਂ ਬੁਰਾ ਕਰੇ, ਭਾਵੇਂ ਭਲਾ, ਪੈਸੇ ਤੇ ਇੱਕੋ ਜਿਹੇ ਮਿਲਦੇ ਨੇ ਨਾ। ਮਰੀਜ਼ ਦੀ ਮੌਤ ਦਾ ਜ਼ਿੰਮੇਵਾਰ ਭਾਵੇਂ ਡਾਕਟਰ ਹੀ ਹੋਵੇ, ਪਰ ਦੋਸ਼ ਤੇ ਮਰਨ ਵਾਲੇ 'ਤੇ ਹੀ ਲਗਦਾ ਏ। ਜੇ ਕੋਈ ਮੋਚੀ ਜੁੱਤੀ ਖ਼ਰਾਬ ਬਣਾ ਦੇਵੇ ਤਾਂ ਉਹਨੂੰ ਨਵੀਂ ਜੁੱਤੀ ਬਣਾ ਕੇ ਦੇਣੀ ਪੈ ਸਕਦੀ ਏ, ਪਰ ਇੱਕ ਡਾਕਟਰ ਹੱਥੋਂ ਜੋ ਮਰ ਗਿਆ, ਸੋ ਮਰ ਗਿਆ, ਬੱਸ ਛੁੱਟੀ! ਵੱਧ ਤੋਂ ਵੱਧ ਤੁਸੀਂ ਕਲੀਨਕ ਵਿਚ ਬੈਠ ਕੇ ਝੂਰ ਹੀ ਸਕਦੇ ਹੋ ਬਸ਼ਰਤੇ ਮਰੀਜ਼ ਦੀ ਮੌਤ ਉਥੇ ਹੋਈ ਹੋਵੇ। ਵਾਰਿਸਾਂ ਨੂੰ 'ਸੌਰੀ' ਕਹੋ ਤੇ ਕੰਮ ਖ਼ਤਮ! ਮੈਂ ਤੇ ਕਹਾਂਗਾ ਕਿ ਮੁਰਦਾ ਲੋਕ ਸੰਸਾਰ ਦੇ ਸਭ ਤੋਂ ਜ਼ਿਆਦਾ ਇਮਾਨਦਾਰ ਅਤੇ ਸ਼ਰੀਫ ਹੁੰਦੇ ਨੇ। ਮੈਂ ਅਜੇ ਤੱਕ ਕਿਸੇ ਵੀ ਮੁਰਦੇ ਨੂੰ ਡਾਕਟਰ ਦੀ ਸ਼ਕਾਇਤ ਕਰਦਿਆਂ ਨਹੀਂ ਵੇਖਿਆ।

ਪ੍ਰੇਮ : ਹਾਂ, ਇਸ ਮਾਮਲੇ ਵਿਚ ਉਹ ਕਾਫ਼ੀ ਇਮਾਨਦਾਰ ਹੁੰਦੇ ਨੇ।

ਬੁੱਧੂ : *(ਬਾਹਰ ਵੱਲ ਵੇਖ ਕੇ)* ਲੱਗਦਾ ਏ ਕੁਝ ਮਰੀਜ਼ ਆਪਣੀ ਬੀਮਾਰੀ ਲੈ ਕੇ ਇਧਰ ਹੀ ਤੁਰੇ ਆਉਂਦੇ ਨੇ। ਤੂੰ ਪ੍ਰੀਤੀ ਦੇ ਘਰ ਕੋਲ ਮੇਰੀ ਉਡੀਕ ਕਰ, ਮੈਂ ਇਹਨਾਂ ਨੂੰ ਨਿਪਟਾ ਕੇ ਹੁਣੇ ਆਇਆ।

## ਦ੍ਰਿਸ਼ ਦੂਜਾ

## ਉਹੀ ਸਥਾਨ

*(ਚਾਂਦਨੀ ਅਤੇ ਡਾਕਟਰ ਗੱਲਾਂ ਕਰ ਰਹੇ ਨੇ)*

ਬੁੱਧੂ : ਵਾਹ! ਨੀ ਪਿਆਰੀ ਪਿਆਰੀ, ਚੁਲਬਲੀ, ਚਾਂਦਨੀ। ਉਹ ਮੇਰੀ ਏ ਗਿਟਕੇ! ਤੂੰ ਮੇਰੇ ਹਰਟ ਦੀ ਬੀਟ ਏਂ, ਤੂੰ ਮੇਰੀ ਹਰ ਸਿੱਕਨੈੱਸ ਦੀ ਇਕਲੌਤੀ ਮੈਡੀਸਨ ਏਂ।

ਚਾਂਦਨੀ : ਡਾਕਟਰ ਸਾਹਿਬ, ਮੇਰੀ ਇੰਨੀ ਤਰੀਫ਼ ਨਾ ਕਰੋ। ਮੇਰੀ ਸਮਝ ਵਿਚ ਤਾਂ ਇਕ ਵੀ ਸ਼ਬਦ ਨਹੀਂ ਆ ਰਿਹਾ।

ਬੁੱਧੂ : ਮੇਰੀ ਚਾਂਦਨੀ, ਤੂੰ ਇਕ ਵਾਰ ਬੀਮਾਰ ਪੈ ਜਾ। ਤੇਰਾ ਇਲਾਜ ਕਰਨ ਵਿਚ ਮੈਂ ਕੋਈ ਕਸਰ ਨਹੀਂ ਛੱਡਾਂਗਾ।

ਚਾਂਦਨੀ : ਜੇ ਐਸੀ ਗੱਲ ਏ, ਤਾਂ ਮੈਂ ਹਮੇਸ਼ਾ ਬੀਮਾਰ ਰਹਿਣਾ ਜ਼ਿਆਦਾ ਪਸੰਦ ਕਰਾਂਗੀ।

ਬੁੱਧੂ : ਮੈਨੂੰ ਤੇ ਤੇਰੇ ਤੇ ਤਰਸ ਆਉਂਦਾ ਏ ਇਹ ਵੇਖ ਕੇ ਕਿ ਤੇਰਾ ਘਰ ਵਾਲਾ ਕਿੰਨਾ ਈਰਖਾਲੂ ਏ।

ਚਾਂਦਨੀ : ਇਹਦੇ ਵਿਚ ਨਾ ਤੇ ਤੁਸੀਂ ਕੁਝ ਕਰ ਸਕਦੇ ਹੋ ਤੇ ਨਾ ਹੀ ਮੈਂ। ਬੱਸ, ਆਪਣੇ ਕਰਮਾਂ ਦਾ ਫਲ ਭੋਗ ਰਹੀ ਹਾਂ ਤੇ ਨਾਲੇ ਫਿਰ ਮੇਰੀ ਕਿਸਮਤ ਵੀ ਇਕ ਗਊ ਵਰਗੀ ਹੋਈ ਜਿੱਥੇ ਮਾਪਿਆਂ ਬੰਨ੍ਹ ਦਿੱਤਾ, ਓਥੇ ਈ ਬੱਝ ਗਈ।

ਬੁੱਧੂ : ਕੀ? ਇੰਨਾ ਘਟੀਆ ਏ ਉਹ? ਤੈਨੂੰ ਕਿਸੇ ਨਾਲ ਮਿਲਣ ਤੱਕ ਨਹੀਂ ਦਿੰਦਾ?

*(ਪਿਛੋਂ ਅਛੋਪਲੇ ਜਿਹੇ ਕਾਲੂ ਆਉਂਦੇ ਹੈ ਜੋ ਉਹਨਾਂ ਦੀਆਂ ਗੱਲਾਂ ਸੁਣ ਕੇ ਲੋਹਾ ਲਾਖਾ ਹੋ ਰਿਹਾ ਹੈ)*

ਚਾਂਦਨੀ : ਇਹ ਤੇ ਕੁਝ ਵੀ ਨਹੀਂ ਜੀ ਉਹ...ਤੇ...

ਬੁੱਧੂ : ... ਅਸਲੋਂ ਹੀ ਕਮੀਨਾ ਏ ਉਹ ਜਿਹੜਾ ਤੇਰੇ ਵਰਗੀ ਪਤਨੀ ਮਿਲਣ ਤੇ ਵੀ ਖ਼ੁਸ਼ ਨਹੀਂ। ਮੈਂ ਕਿਹਾ ਲੋਕ ਤਾਂ ਤੇਰੇ ਪੈਰਾਂ ਨੂੰ ਚੁੰਮ ਕੇ ਹੀ ਆਪਣੇ ਧੰਨ -ਭਾਗ ਸਮਝਣ। ਅੱਛਾ! ਇਹ ਗੱਲ ਦੱਸ ਕਿ ਅਕਸਰ ਜਇਹ ਕਿਉਂ ਹੁੰਦਾ ਏ ਕਿ ਸੋਹਣੀਆਂ ਚੀਜ਼ਾਂ ਬਾਂਦਰ ਵਰਗੇ ਲੋਕਾਂ ਦੇ ਹੱਥ ਲੱਗ ਜਾਂਦੀਆਂ ਨੇ। ਤੇਰਾ ਪਤੀ ਘੱਟੋ-ਘੱਟ ਅਵੱਲ ਦਰਜੇ ਦਾ ਨਿਕੰਮਾ, ਬੇਵਕੂਫ਼, ਖੋਤਾ, ਹਰਾਮੀ ਅਤੇ...ਅਤੇ...ਹੈਂ ਮੁਆਫ਼ ਕਰਨਾ, ਬਸ ਜ਼ਰਾ ਗੁੱਸੇ ਵਿਚ ਮੇਰੇ ਮੂੰਹੋਂ ਇਹ ਸਭ ਕੁਝ ਨਿਕਲ ਗਿਆ।

ਚਾਂਦਨੀ : ਇਹਦੇ ਵਿਚ ਮੁਆਫ਼ੀ ਵਾਲੀ ਕਿਹੜੀ ਗੱਲ ਏ ਜੀ, ਉਹ ਤੇ ਹੈ ਹੀ ਇਸੇ ਕਾਬਿਲ।

ਬੁੱਧੂ : ਇਹਦੇ ਵਿਚ ਤੇ ਕੋਈ ਸ਼ੱਕ ਨਹੀਂ। ਤੈਨੂੰ ਤੇ ਚਾਹੀਦਾ ਏ ਕਿ ਉਹਦੀ ਐਸੀ ਖੁੰਬ੍ਹ ਠੱਪੇਂ ਕਿ ਫੇਰ ਕਿਸੇ ਤੇ ਸ਼ੱਕ ਕਰਨ ਦੇ ਯੋਗ ਹੀ ਨਾ ਰਹੇ।

ਚਾਂਦਨੀ : ਤੁਸੀਂ ਕਹਿੰਦੇ ਤੇ ਠੀਕ ਹੋ ਪਰ ਮੈਂ ਇਹ ਸੋਚ ਕੇ ਰੁਕ ਜਾਂਦੀ ਹਾਂ ਕਿ ਉਹ ਮੇਰਾ ਪਤੀ ਹੈ।

ਬੁੱਧੂ : ਮੈਂ ਕਿਹਾ ਇਹੋ ਜਿਹਾ ਪਤੀ ਵੀ ਕਿਸ ਕੰਮ ਦਾ? ਤੈਨੂੰ ਉਹਦੇ ਕੋਲੋਂ ਉਹਦੀਆਂ ਬਦਤਮੀਜ਼ੀਆਂ ਦਾ ਬਦਲਾ ਲੈਣਾ ਚਾਹੀਦਾ ਹੈ।

(ਕਾਲੂ ਪਿਛੋਂ ਦੀ ਆ ਕੇ ਦੋਹਾਂ ਦੇ ਵਿਚ ਡਾਂਗ ਮਾਰਦਾ ਹੈ, ਜਦ ਦੋਨੋਂ ਵੱਖ ਵੱਖ ਦਿਸ਼ਾ ਨੂੰ ਦੌੜਦੇ ਹਨ।)

ਕਾਲੂ : ਖੜ੍ਹ ਜਾਹ ਤੇਰੀ ਮੈਂ...ਵੱਡੇ ਡਾਕਟਰ ਦੀ।

## ਦ੍ਰਿਸ਼ ਤੀਜਾ

**(ਉਹੀ ਸਥਾਨ)**

ਪਿਤਾ : ਕਾਲੂ, ਉਏ ਕਾਲੂ! *(ਕਾਲੂ ਆਉਂਦਾ ਹੈ।)*

ਕਾਲੂ : ਜੀ ਹਜ਼ੂਰ!

ਪਿਤਾ : ਬਈ ਤੂੰ ਕਿਤੇ ਇਧਰ ਡਾਕਟਰ ਸਾਹਿਬ ਨੂੰ ਤੇ ਨਹੀਂ ਦੇਖਿਆ?

ਕਾਲੂ : ਵੇਖਿਆ ਜੀ! ਤੇ ਆਪਣੀ ਘਰ ਵਾਲੀ ਨੂੰ ਵੀ ਉਹਦੇ ਨਾਲ...।

ਪਿਤਾ : ਠੀਕ ਏ, ਠੀਕ ਏ ਜਾਹ, ਜਾ ਕੇ ਵੇਖ, ਪ੍ਰੀਤੀ ਦਾ ਕੀ ਹਾਲ ਏ?

*(ਇੱਕ ਪਾਸਿਓਂ ਡਾਕਟਰ ਅਤੇ ਪ੍ਰੇਮ ਆਉਂਦੇ ਹਨ)*

ਪਿਤਾ : ਡਾਕਟਰ ਸਾਹਿਬ, ਮੈਂ ਤੁਹਾਨੂੰ ਹੀ ਲੱਭ ਰਿਹਾ ਸਾਂ।

ਬੁੱਧੂ : ਅੱਛਾ? ਮੈਂ..ਮੈਂ ਜ਼ਰਾ ਤੁਹਾਡੇ ਬਾਗ ਵਿਚ ਸੈਰ ਕਰਨ ਚਲਾ ਗਿਆ ਸਾਂ। ਸੁਣਾਓ ਪ੍ਰੀਤੀ ਦੀ ਸਿਹਤ ਦਾ ਕੀ ਹਾਲ ਏ?

ਪਿਤਾ : ਤੁਹਾਡੀ ਦਵਾਈ ਨਾਲ ਤੇ ਸਿਹਤ ਹੋਰ ਵੀ ਖ਼ਰਾਬ ਹੋ ਗਈ ਏ।

ਬੁੱਧੂ : ਇਹ ਤਾਂ ਬਹੁਤ ਚੰਗਾ ਹੋਇਆ। ਇਸ ਦਾ ਮਤਲਬ ਹੈ ਕਿ ਦਵਾਈ ਅਸਰ ਕਰ ਰਹੀ ਏ।

ਪਿਤਾ : ਉਹ ਤਾਂ ਤੇ ਠੀਕ ਏ, ਪਰ ਸ਼ਰਾਬ ਵਾਲੀ ਬਰੈੱਡ ਖਾ ਕੇ ਤਾਂ ਉਹ ਇਕਦਮ ਪਾਗਲ ਜਿਹੀ ਹੋ ਗਈ ਏ।

ਬੁੱਧੂ : ਤੁਸੀਂ ਚਿੰਤਾ ਨਾ ਕਰੋ, ਮੇਰੇ ਕੋਲ ਐਸੀਆਂ ਚਮਤਕਾਰੀ ਦਵਾਈਆਂ ਮੌਜੂਦ ਨੇ ਕਿ ਵੱਡੇ ਤੋਂ ਵੱਡੇ ਪਾਗਲਪਣ ਦਾ ਇਲਾਜ ਕਰਨ ਲਈ ਇੱਕ ਮਿੰਟ ਦਾ ਵੀ ਟਾਈਮ ਨਹੀਂ ਲਗਦਾ ਅਤੇ ਫਿਰ ਜਦ ਤੱਕ ਮਰੀਜ਼ ਮੌਤ ਦੇ ਦਰਵਾਜ਼ੇ ਤੱਕ ਨਾ ਪਹੁੰਚ ਜਾਵੇ, ਇਲਾਜ ਕਰਨ ਦਾ ਮਜ਼ਾ ਹੀ ਨਹੀਂ ਆਉਂਦਾ।

ਪਿਤਾ : (ਅਚਾਨਕ ਪ੍ਰੇਮ ਤੇ ਨਿਗਾਹ ਪੈਣ ਤੇ) ਤੁਹਾਡੀ ਤਾਰੀਫ਼?

ਬੁੱਧੂ : (ਹੱਥ ਦੇ ਇਸ਼ਾਰੇ ਨਾਲ ਦੱਸਦਾ ਹੈ ਕਿ ਇਹ ਮੇਰਾ ਕੰਪਾਊਂਡਰ ਹੈ) ਇਹ ਜੀ...ਉਹ....

ਪਿਤਾ : ਕੀ?

ਬੁੱਧੂ : ਇਹ ਜੀ, ਮੇਰਾ ਕਾਂ...ਕਾਂ....ਕਾਂ...ਪੌਡਰ।

ਪਿਤਾ : ਅੱਛਾ! ਅੱਛਾ!! ਸਮਝ ਗਿਆ।

ਬੁੱਧੂ : ਤੁਹਾਡੀ ਲੜਕੀ ਵੀ ਸਮਝ ਜਾਵੇਗੀ।

(ਚਾਂਦਨੀ ਪ੍ਰੀਤੀ ਨੂੰ ਲਈ ਸਟੇਜ ਤੇ ਪ੍ਰਵੇਸ਼ ਕਰਦੀ ਹੈ)

ਚਾਂਦਨੀ : *(ਪਿਤਾ ਨੂੰ)* ਹਜ਼ੂਰ, ਮੈਂ ਪ੍ਰੀਤੀ ਨੂੰ ਘੁਮਾਉਣ ਲਈ ਬਾਹਰ ਬਾਗ ਵਿਚ ਲੈ ਕੇ ਜਾ ਰਹੀ ਹਾਂ।

ਪਿਤਾ : ਉਹ ਕਿਉਂ?

ਬੁੱਧੂ : ਉਹ ਇਸ ਲਈ ਕਿ ਬਾਹਰ ਦੀ ਆਬੋ ਹਵਾ ਉਹਦੀ ਸਿਹਤ ਲਈ ਕਾਫ਼ੀ ਚੰਗੀ ਤੇ ਮਾਫ਼ਕ ਹੈ। *(ਪ੍ਰੇਮ ਨੂੰ)* ਮਿਸਟਰ ਕੰਪਾਊਡਰ, ਤੁਸੀਂ ਵੀ ਇਹਨਾਂ ਦੇ ਨਾਲ ਹੀ ਚਲੇ ਜਾਵੋ। ਨੰਬਰ ਇੱਕ ਮਰੀਜ਼ ਦੀਆਂ ਹਰਕਤਾਂ ਨੋਟ ਕਰੋ। ਨੰਬਰ ਦੋ, ਉਹਦੇ ਦਿਲ ਦੀਆਂ ਧੜਕਣਾਂ ਰਿਕਾਰਡ ਕਰੋ। ਉਹਦੀ ਅਸਲੀ ਨਬਜ਼ ਵੇਖ ਕੇ ਉਹਦੇ ਦਿਲ ਦਾ ਹਾਲ ਆਪਣੇ ਦਿਮਾਗ ਵਿਚ ਉਤਾਰ ਲੈਣਾ ਤਾਂ ਕਿ ਪਤਾ ਲੱਗ ਸਕੇ ਕਿ ਜਵਾਰਭਾਟਾ ਕਿੰਨਾ ਕੁ ਵਧਿਆ ਘਟਿਆ ਏ? ਤਾਂ ਜੋ ਉਸਦੀ ਬੀਮਾਰੀ ਲਈ ਕਿਸੇ ਦਵਾਈ ਦੇ ਬਾਰੇ ਵਿਚ ਸੋਚ ਸਮਝ ਕੇ ਫ਼ੈਸਲਾ ਕਰ ਸਕੀਏ। *(ਉਹ ਪਿਤਾ ਨੂੰ ਲੈ ਕੇ ਸਟੇਜ ਦੇ ਦੂਜੇ ਪਾਸੇ ਜਾਂਦਾ ਹੈ ਪਰ ਪਿਤਾ ਬਾਰ ਬਾਰ ਉਧਰ ਵੇਖ ਰਿਹਾ ਹੈ ਜਿੱਧਰ ਪ੍ਰੇਮ ਪ੍ਰੀਤੀ ਤੇ ਚਾਂਦਨੀ ਨਾਲ ਗਿਆ ਹੈ)* ਜਨਾਬ, ਤੁਸੀਂ ਜਾਣਦੇ ਹੋ ਕਿ ਸਾਡੇ ਡਾਕਟਰਾਂ ਦੇ ਸਾਹਮਣੇ ਸਭ ਤੋਂ ਵੱਡੀ ਕੀ ਸਮੱਸਿਆ ਹੁੰਦੀ ਏ? *(ਉਹਦੀ ਠੋਡੀ ਨੂੰ ਕਸ ਕੇ ਫੜਦਾ ਹੈ)* ਉਹ ਇਹ ਕਿ ਲੜਕੀ ਦਾ ਇਲਾਜ ਕਰਨਾ ਜ਼ਿਆਦਾ ਸੌਖਾਲਾ ਹੁੰਦਾ ਏ ਕਿ ਲੜਕੇ ਦਾ। ਪਰ ਜ਼ਰਾ ਧਿਆਨ ਨਾਲ ਸੁਣਿਓ। ਮੈਂ ਕਹਿੰਦਾ ਹਾਂ ਕਿ ਦੋਵਾਂ ਦਾ ਹੀ ਮੁਸ਼ਕਿਲ ਹੈ। ਹੁਣ ਤੁਸੀਂ ਪੁੱਛੋਗੇ ਕਿ ਕਿਵੇਂ! ਪੁੱਛੋ? ਮੈਂ ਕਿਹਾ, ਪੁੱਛੋ ਨਾ?

ਪਿਤਾ : ਕਿਵੇਂ?

ਬੁੱਧੂ : ਇਸ ਤਰ੍ਹਾਂ ਹੁੰਦਾ ਏ ਕਿ ਵੈਸੇ ਤਾਂ ਲੜਕਿਆਂ ਦੇ ਦਿਲ ਵਿੱਚ ਵੀ ਅੱਗ ਘੱਟ ਨਹੀਂ ਹੁੰਦੀ, ਪਰ ਲੜਕੀਆਂ ਦੇ ਦਿਲ ਵਿਚ ਤਾਂ ਭਾਂਬੜ ਹੀ ਹੁੰਦੇ ਨੇ, ਭਾਂਬੜ। ਇਹ ਅੱਗ ਦਿਲ ਤੋਂ ਦਿਮਾਗ ਵਿਚ ਪਹੁੰਚ ਜਾਂਦੀ ਏ ਤੇ ਉਥੋਂ ਸਾਰੇ ਸਰੀਰ ਵਿਚ, ਜਿਸ ਤੋਂ ਵੱਖ ਵੱਖ ਬੀਮਾਰੀਆਂ ਦਾ ਜਨਮ ਹੁੰਦਾ ਹੈ। ਇਸ ਅੱਗ ਨੂੰ ਠੰਡਾ ਕਰਨ ਲਈ ਚੰਦਰਮਾਂ ਤੋਂ ਨਿਕਲਣ ਵਾਲੀਆਂ ਕੁਦਰਤੀ ਰਿਸ਼ਮਾਂ ਬਹੁਤ ਹੀ ਮਾਫ਼ਕ ਹੁੰਦੀਆਂ ਨੇ। ਧਨੰਤਰ ਦਾ ਵੀ ਇਹੀ ਕਹਿਣਾ ਸੀ। ਪਰ ਜਦੋਂ ਤੱਕ ਚੰਦਰਮਾਂ ਪੂਰੇ ਜ਼ੋਰ ਸ਼ੋਰ ਨਾਲ ਨਹੀਂ ਚਮਕਦਾ ਉਦੋਂ ਤੱਕ...

ਪ੍ਰੀਤੀ : *(ਬਾਹਰੋਂ ਪ੍ਰੀਤੀ ਦੀ ਆਵਾਜ਼)* ਨਹੀਂ, ਇਸ ਤਰ੍ਹਾਂ ਨਹੀਂ ਹੋ ਸਕਦਾ। ਮੇਰੇ ਦਿਲ ਦੀ ਅੱਗ ਤਾਂ ਹੀ ਬੁਝੇਗੀ ਜਦ ਮੇਰੀ ਜ਼ਿੰਦਗੀ ਦਾ ਚੰਦਰਮਾਂ....

ਪਿਤਾ : ਹੈਂ! ਇਹ ਤੇ ਪ੍ਰੀਤੀ ਦੀ ਆਵਾਜ਼ ਏ! ਇਸ ਦਾ ਮਤਲਬ ਮੇਰੀ ਧੀ ਬੋਲ ਸਕਦੀ ਏ। ਮੇਰੀ ਧੀ ਬੋਲ ਸਕਦੀ ਏ। ਡਾਕਟਰ ਸਾਹਿਬ, ਤੁਸੀਂ ਤੇ ਕਮਾਲ ਹੀ ਕਰ ਦਿੱਤਾ! ਦੱਸੋ, ਮੈਂ ਇਸ ਅਹਿਸਾਨ ਦਾ ਕਰਜ਼ਾ ਚੁਕਾਉਣ ਲਈ ਤੁਹਾਡੀ ਕੀ ਸੇਵਾ ਕਰ ਸਕਦਾ ਹਾਂ?

ਬੁੱਧੂ : *(ਮੰਚ ਤੇ ਇੱਧਰ ਉਧਰ ਬੇਚੈਨੀ ਨਾਲ ਟਹਿਲਦਾ ਹੋਇਆ)* ਹਾਲ ਦੀ ਘੜੀ ਤੇ ਚੰਦਰਮਾਂ ਦੀਆਂ ਇਹਨਾਂ ਰਿਸ਼ਮਾਂ ਨਾਲ ਜੋ ਜਵਾਰਭਾਟਾ ਮੇਰੇ ਦਿਲ ਵਿਚ ਉੱਠ ਰਿਹਾ ਏ, ਉਸ ਨੂੰ ਸ਼ਾਂਤ ਕਰਨ ਦੀ ਦਵਾਈ ਮਿਲ ਜਾਵੇ ਬੱਸ, ਇੰਨਾ ਹੀ ਕਾਫ਼ੀ ਹੋਵੇਗਾ।

ਪ੍ਰੀਤੀ : *(ਸਟੇਜ ਤੇ ਆਉਂਦੀ ਹੋਈ)* ਹਾਂ ਪਾਪਾ, ਮੈਂ ਬੋਲ ਸਕਦੀ ਹਾਂ। ਪਰ ਕੀ ਤੁਸੀਂ ਜਾਣਦੇ ਹੋ ਕਿ ਮੇਰੀ ਆਵਾਜ਼ ਵਾਪਿਸ ਕਿਉਂ ਪਰਤੀ ਏ? ...ਬੋਲੋ...ਤਾਂ ਕਿ ਮੈਂ ਤੁਹਾਨੂੰ ਦੱਸ ਸਕਾਂ ਕਿ ਮੈਂ ਵਿਆਹ ਕਰਾਂਗੀ ਤਾਂ ਸਿਰਫ਼ ਪ੍ਰੇਮ ਨਾਲ ਤੇ ਪ੍ਰੇਮ ਨਾਲ, ਹੋਰ ਕਿਸੇ ਨਾਲ ਨਹੀਂ ਅਤੇ ਤੁਸੀਂ ਰਵੀ ਨੂੰ ਭੁੱਲ ਜਾਵੋ।

ਪਿਤਾ : ਪਰ ਜੋ ਮੈਂ...

ਪ੍ਰੀਤੀ : ਦੁਨੀਆਂ ਦੀ ਕੋਈ ਵੀ ਤਾਕਤ ਮੇਰੇ ਫ਼ੈਸਲੇ ਨੂੰ ਬਦਲ ਨਹੀਂ ਸਕਦੀ।

ਪਿਤਾ : ਮੇਰੀ ਬੱਚੀ ਮੈਂ...

ਪ੍ਰੀਤੀ : ਤੁਹਾਡੀਆਂ ਇਹਨਾਂ ਮਿੱਠੀਆਂ ਗੱਲਾਂ ਦਾ ਮੇਰੇ ਤੇ ਕੋਈ ਅਸਰ ਨਹੀਂ ਹੋਵੇਗਾ।

ਪਿਤਾ : ਮੈਂ ਕਹਿੰਦਾ ਹਾਂ...

ਪ੍ਰੀਤੀ : ਤੁਸੀਂ ਕੁਝ ਨਹੀਂ ਕਹੋਗੇ। ਮੇਰਾ ਫ਼ੈਸਲਾ ਬਿਲਕੁਲ ਪੱਕਾ ਹੈ।

ਪਿਤਾ : ਵੇਖ...

ਪ੍ਰੀਤੀ : ਵੈਸੇ ਤੁਸੀਂ ਜੋ ਚਾਹੋ ਕਰ ਸਕਦੇ ਹੋ।

ਪਿਤਾ : ਇਹ ਕੀ...

ਪ੍ਰੀਤੀ : ਮੈਂ ਤੁਹਾਡੇ ਜ਼ੁਲਮ ਸਹਿਣ ਨੂੰ ਬਿਲਕੁਲ ਤਿਆਰ ਨਹੀਂ।

ਪਿਤਾ : ਪਰ...

ਪ੍ਰੀਤੀ : ਨਹੀਂ। ਨਹੀਂ ਦਾ ਮਤਲਬ ਨਹੀਂ। ਤੁਸੀਂ ਆਪਣਾ ਵਕਤ ਬਰਬਾਦ ਕਰ ਰਹੇ ਹੋ। ਇਸ ਬਹਿਸ ਦਾ ਕੋਈ ਫ਼ਾਇਦਾ ਨਹੀਂ। ਮੈਂ ਫ਼ੈਸਲਾ ਕਰ ਲਿਆ ਏ।

ਪਿਤਾ : ਓ ਹੋ... *(ਬੁੱਧੂ ਨੂੰ)* ਇਸ ਲੜਕੀ ਦੀ ਜ਼ੁਬਾਨ ਕਿਵੇਂ ਕੈਂਚੀ ਵਾਂਗ ਚੱਲ ਰਹੀ ਏ। ਵੇਖ ਰਹੇ ਹੋ ਤੁਸੀਂ? ਡਾਕਟਰ ਸਾਹਿਬ, ਜੇ ਤੁਸੀਂ ਇਸ ਨੂੰ ਦੁਬਾਰਾ ਗੂੰਗੀ ਬਣਾ ਦੇਵੋ ਤਾਂ ਮੈਂ ਤੁਹਾਡਾ ਜ਼ਿਆਦਾ ਸ਼ੁਕਰਗੁਜ਼ਾਰ ਹੋਵਾਂਗਾ।

ਬੁੱਧੂ : ਇਹ ਤੇ ਲਗਭਗ ਅਸੰਭਵ ਗੱਲ ਏ, ਪਰ ਹਾਂ, ਜੇ ਤੁਸੀਂ ਚਾਹੋ ਤਾਂ ਮੈਂ ਤੁਹਨੂੰ ਬੋਲਾ ਬਣਾ ਸਕਦਾ ਹਾਂ।

ਪਿਤਾ : ਨਹੀਂ ਜੀ, ਤੁਹਾਡਾ ਬਹੁਤ ਬਹੁਤ ਸ਼ੁਕਰੀਆ *(ਪ੍ਰੀਤੀ ਨੂੰ)* ਮੈਂ ਤੈਨੂੰ ਇਕ ਆਖ਼ਰੀ ਮੌਕਾ ਹੋਰ ਦਿੰਦਾ ਹਾਂ।

ਪ੍ਰੀਤੀ : ਤੇ ਮੈਂ ਇਸ ਮੌਕੇ ਦਾ ਫ਼ਾਇਦਾ ਉਠਾਉਣ ਲਈ ਤਿਆਰ ਨਹੀਂ।

ਪਿਤਾ : ਤੇਰਾ ਵਿਆਹ ਹੋਵੇਗਾ ਤਾਂ ਸਿਰਫ਼ ਰਵੀ ਨਾਲ ਅਤੇ ਉਹ ਵੀ ਅੱਜ ਹੀ ਹੁਣੇ...। ਚਾਂਦਨੀ, ਕਾਲੂ, ਪੀਲੂ *(ਸਾਰੇ ਇਕ ਇਕ ਕਰਕੇ ਆਉਂਦੇ ਹਨ ਅਤੇ ਹੁਕਮ ਦੀ ਉਡੀਕ ਕਰਦੇ ਹਨ)* ਤਿਆਰੀਆਂ ਕੀਤੀਆਂ ਜਾਣ ਅੱਜ...

ਪ੍ਰੀਤੀ : ਪ੍ਰੀਤੀ ਦੀ ਚਿਤਾ ਬਾਲੀ ਜਾਵੇਗੀ....

ਪਿਤਾ : ਚੁੱਪ ਰਹਿ।

ਬੁੱਧੂ : ਹੁਣ ਬੋਲਣ ਦੀ ਮੇਰੀ ਵਾਰੀ ਹੈ... ਮੇਰਾ ਖ਼ਿਆਲ ਏ ਕਿ ਲੜਕੀ ਦੇ ਦਿਲ ਵਿਚੋਂ ਨਿਕਲਣ ਵਾਲੀਆਂ ਅੱਗ ਦੀਆਂ ਲਪਟਾਂ ਨੇ ਲੜਕੀ ਦੇ ਦਿਮਾਗ ਨੂੰ ਕਾਫ਼ੀ ਭਿਆਨਕ ਰੂਪ ਵਿਚ ਝੁਲਸਾ ਦਿੱਤਾ ਹੈ ਅਤੇ ਉਹ ਠੀਕ ਤਰ੍ਹਾਂ ਸੋਚ ਸਮਝ ਕੇ ਫੈਸਲਾ ਨਹੀਂ ਕਰ ਰਹੀ। ਇਸ ਦਾ ਸਿਰਫ਼ ਇੱਕ ਹੀ ਇਲਾਜ ਹੋ ਸਕਦਾ ਹੈ ਉਹ ਇਹ ਕਿ...

ਪਿਤਾ : *(ਕੱਟ ਕੇ)* ਕੀ ਕਿਹਾ ਤੁਸੀਂ...? ਤੁਸੀਂ ਇਸਦੀ ਦਿਮਾਗੀ ਬੀਮਾਰੀ ਨੂੰ ਵੀ ਠੀਕ ਕਰ ਸਕਦੇ ਹੋ?

ਬੁੱਧੂ : ਕਿਉਂ ਨਹੀਂ? ਮੈਂ ਤੇ ਮੈਂਟਲ ਡਿਸੀਜਜ਼ ਵਿਚ ਸਪੈਸ਼ਲਾਈਜ਼ ਕੀਤਾ ਹੁੰਦਾ ਜੇਕਰ... ਖ਼ੈਰ, ਮੈਂ ਆਪਣੇ ਅਸਿਸਟੈਂਟ ਨਾਲ ਸਲਾਹ-ਮਸ਼ਵਰਾ ਕਰ ਲਵਾਂ *(ਪ੍ਰੇਮ ਨੂੰ)* ਤੂੰ ਵੇਖ ਰਿਹਾ ਏਂ ਕਿ ਇਹ ਲੜਕੀ ਕਿਸੇ ਪ੍ਰੇਮ ਨਾਂ ਦੇ ਲੜਕੇ ਦੇ ਚੱਕਰ ਵਿਚ ਆਪਣੀ ਸੁੱਧ-ਬੁੱਧ ਗੁਆ ਚੁੱਕੀ ਏ ਅਤੇ ਉਸਦੇ ਪਿਤਾ ਨੂੰ ਇਹ ਗੱਲ ਬਿਲਕੁਲ ਪਸੰਦ ਨਹੀਂ। ਇਸ ਤਰ੍ਹਾਂ ਦੀ ਹਾਲਤ ਵਿਚ ਮੇਰਾ ਸੁਝਾਅ ਹੈ ਕਿ ਤੂੰ ਇਸ ਨੂੰ ਫਿਰ ਤੋਂ ਬਾਗ ਵਿਚ ਲੈ ਕੇ ਜਾਹ ਅਤੇ ਜਾਂਦਿਆਂ ਹੀ ਭੱਜੂ-ਰਿਸ਼ਟ ਦੀ ਇੱਕ ਖ਼ੁਰਾਕ ਹੁਣੇ ਹੀ ਇਸੇ ਵਕਤ ਦੇ ਦੇਵੀਂ ਕਿਉਂਕਿ ਸਮਾਂ ਬਹੁਤ ਘੱਟ ਹੈ ਅਤੇ ਇਹਦੇ ਪਿਤਾ ਜੀ ਕਾਫ਼ੀ ਪ੍ਰੇਸ਼ਾਨ ਹਨ। ਜਦੋਂ ਇਸ ਖ਼ੁਰਾਕ ਦਾ ਅਸਰ ਹੋਣ ਲੱਗੇ ਤਾਂ ਤ੍ਰੈਸ਼ਾਦੀ ਦਾ ਕੌੜਾ ਚੂਰਨ ਚਟਵਾ ਦੇਵੀਂ। ਹੋ ਸਕਦਾ ਏ ਲੜਕੀ ਇਸ ਨੂੰ ਖਾਣ ਵਿਚ ਨਾਂਹ-ਨੁੱਕਰ ਕਰੇ ਪਰ ਤੂੰ ਆਪਣੀ ਸਮਝਦਾਰੀ ਦਾ ਸਬੂਤ ਦਿੰਦੇ ਹੋਏ ਜਬਰਦਸਤੀ ਚਟਵਾ ਦੇਵੀਂ, ਕਿਉਂਕਿ ਸਮਾਂ ਸਚਮੁੱਚ ਬਹੁਤ ਘੱਟ ਹੈ ਅਤੇ ਲੜਕੀ ਦੇ ਪਿਤਾ ਜੀ ਚਾਹੁੰਦੇ ਨੇ ਕਿ ਅੱਜ ਹੀ ਇਸ ਦਾ ਵਿਆਹ ਰਵੀ ਨਾਲ ਕਰ ਦੇਈਏ। *(ਪਿਤਾ ਨੂੰ)* ਕਿਉਂ ਜਨਾਬ, ਇਹੀ ਚਾਹੁੰਦੇ ਹੋ ਨਾ ਤੁਸੀਂ?

ਪਿਤਾ : ਜੀ ਹਾਂ।

ਬੁੱਧੂ : ਤੇ ਫਿਰ ਜਲਦੀ ਨਾਲ ਜਾ ਕੇ ਤੂੰ ਇਸ ਦਾ ਇਲਾਜ ਕਰ ਦੇ। ਓਨ੍ਹਾਂ ਚਿਰ ਇਹਨਾਂ ਨਾਲ ਗੱਲਬਾਤ ਕਰ ਲਵਾਂ।

ਪਿਤਾ : ਇਹ ਤੁਸੀਂ ਕਿਹੜੀਆਂ ਦਵਾਈਆਂ ਦਾ ਜ਼ਿਕਰ ਕਰ ਰਹੇ ਸੀ? ਮੈਂ ਜ਼ਿੰਦਗੀ ਵਿਚ ਕਦੇ ਇਹਨਾਂ ਦੇ ਨਾਂ ਨਹੀਂ ਸੁਣੇ।

ਬੁੱਧੂ : ਇਹਨਾਂ ਦਵਾਈਆਂ ਦੀ ਵਰਤੋਂ ਬਹੁਤ ਹੀ ਖ਼ਾਸ ਮੌਕਿਆਂ ਤੇ ਕੀਤੀ ਜਾਂਦੀ ਹੈ।

ਪਿਤਾ : ਤੁਸੀਂ ਕਦੇ ਐਸੀ ਗੁਸਤਾਖ਼ ਲੜਕੀ ਦੇਖੀ ਏ?

ਬੁੱਧੂ : ਲੜਕੀਆਂ ਕਦੇ ਕਦੇ ਕੁਝ ਜ਼ਿਆਦਾ ਹੀ ਜ਼ਿੱਦੀ ਹੋ ਜਾਂਦੀਆਂ ਨੇ।

ਪਿਤਾ : ਤੁਸੀਂ ਇਹ ਸੋਚ ਵੀ ਨਹੀਂ ਸਕਦੇ ਕਿ ਇਹ ਕਿੰਨੀ ਜ਼ਿਆਦਾ ਪ੍ਰੇਮ ਤੇ ਆਪਣੀ ਜਾਨ ਲੁਟਾਉਂਦੀ ਹੈ।

ਬੁੱਧੂ : ਜਵਾਨੀ ਵਿਚ ਖ਼ੂਨ ਦੀ ਕਮੀ ਕਾਰਨ ਇਸ ਤਰ੍ਹਾਂ ਹੀ ਹੁੰਦਾ ਹੈ।

ਪਿਤਾ : ਮੈਨੂੰ ਤੇ ਜਦੋਂ ਹੀ ਲੜਕੀ ਦੀ ਇਸ ਖ਼ਤਰਨਾਕ ਮੁਹੱਬਤ ਦੇ ਬਾਰੇ ਖ਼ਬਰ ਮਿਲੀ, ਮੈਂ ਲੜਕੀ ਦਾ ਘਰੋਂ ਬਾਹਰ ਨਿਕਲਣਾ ਹੀ ਬੰਦ ਕਰ ਦਿੱਤਾ।

ਬੁੱਧੂ : ਇਹ ਤੁਸੀਂ ਕਾਫ਼ੀ ਅਕਲਮੰਦੀ ਦਾ ਕੰਮ ਕੀਤਾ।

ਪਿਤਾ : ਮੈਂ ਵੀ ਐਸਾ ਬੰਦੋਬਸਤ ਕੀਤਾ ਏ ਕਿ ਉਹ ਉਹਦੇ ਨਾਲ ਗੱਲ ਕਰਨਾ ਤੇ ਦੂਰ ਉਸ ਦੀ ਸ਼ਕਲ ਤੱਕ ਨਹੀਂ ਵੇਖ ਸਕਦਾ।

ਬੁੱਧੂ : ਤੁਹਾਡਾ ਵੀ ਜੁਆਬ ਨਹੀਂ।

ਪਿਤਾ : ਨਹੀਂ ਤੇ ਉਹਨਾਂ ਦੋਹਾਂ ਦੇ ਮਿਲਦੇ ਰਹਿਣ ਨਾਲ ਗੜਬੜ ਹੋ ਜਾਣੀ ਸੀ।

ਬੁੱਧੂ : ਇਹਦੇ ਵਿਚ ਭਲਾ ਕੀ ਸ਼ੱਕ ਏ!

ਪਿਤਾ : ਮੈਨੂੰ ਤੇ ਜਿੱਥੋਂ ਤੱਕ ਲਗਦਾ ਏ ਲੜਕੀ ਉਹਦੇ ਨਾਲ ਦੌੜ ਜਾਂਦੀ।

ਬੁੱਧੂ : ਤੁਹਾਡੀ ਗੱਲ ਵਿਚ ਦਮ ਤੇ ਹੈ।

ਪਿਤਾ : ਮੈਂ ਤੇ ਸੁਣਿਆ ਏ ਕਿ ਉਹ ਮਜਨੂੰ ਦਾ ਬੱਚਾ ਉਹਦੇ ਨਾਲ ਮਿਲਣ ਲਈ ਜੀਅ ਤੋੜ ਕੋਸ਼ਿਸ਼ ਵਿਚ ਲੱਗਾ ਰਹਿੰਦਾ ਏ।

ਬੁੱਧੂ : ਬੇਵਕੂਫ਼ ਜੋ ਹੋਇਆ ਜੀ।

ਪਿਤਾ : ਪਰ ਉਹ ਆਪਣਾ ਸਮਾਂ ਨਸ਼ਟ ਕਰ ਰਿਹਾ ਏ।

ਬੁੱਧੂ : ਉਹ ਤੇ ਹੈ ਜੀ।

ਪਿਤਾ : ਕਿਉਂਕਿ ਮੈਂ ਉਸ ਨੂੰ ਘਰ ਵਿਚ ਵੜਨ ਨਹੀਂ ਦੇਵਾਂਗਾ ਤੇ ਆਪਣੀ ਲੜਕੀ ਨੂੰ ਘਰ ਤੋਂ ਬਾਹਰ ਨਿਕਲਣ ਨਹੀਂ ਦੇਵਾਂਗਾ।

ਬੁੱਧੂ : ਵੇਖੋ ਜਨਾਬ, ਉਹਦਾ ਵਾਸਤਾ ਕਿਸੇ ਬੇਵਕੂਫ਼ ਨਾਲ ਤੇ ਪਿਆ ਨਹੀਂ ਅਤੇ ਜੀਹਦੇ ਨਾਲ ਪਿਆ ਏ ਉਹ ਖ਼ੁਦ ਪਰਲੇ ਸਿਰੇ ਦਾ ਬੇਵਕੂਫ ਏ, ਜਿਸਦਾ ਭਲਾਂ ਤੁਹਾਡੇ ਨਾਲ ਕੀ ਮੁਕਾਬਲਾ ਹੋ ਸਕਦਾ ਏ?

ਕਾਲੂ : *(ਦੌੜਦਾ ਹੋਇਆ ਆਉਂਦਾ ਹੈ)* ਹਜ਼ੂਰ! ਹਜ਼ੂਰ ਬੜੀ ਗੜਬੜ ਹੋ ਗਈ ਜੇ। ਤੁਹਾਡੀ ਲੜਕੀ ਉਸ ਪ੍ਰੇਮ ਨਾਲ ਦੌੜ ਗਈ ਏ। ਉਹ ਜਿਹੜਾ ਇਸ ਡਾਕਟਰ ਦਾ ਕੰਪਾਉਂਡਰ ਸੀ ਨਾ, ਉਹ ਕੋਈ ਕੰਪਾਉਂਡਰ ਨਹੀਂ ਸੀ, ਸਗੋਂ ਪ੍ਰੇਮ ਹੀ ਸੀ ਤੇ ਇਹ ਸਾਰਾ ਚੱਕਰ ਇਸ ਘਣਚੱਕਰ ਦਾ ਹੀ ਚਲਾਇਆ ਹੋਇਆ ਏ।

ਪਿਤਾ : ਕੀ? ਇੰਨਾ ਵੱਡਾ ਧੋਖਾ? ਫੜ ਲਓ ਉਏ। (ਕਾਲੂ ਤੇ ਪੀਲੂ ਪਿਤਾ ਨੂੰ ਫੜ ਲੈਂਦੇ ਹਨ) ਓਏ, ਮੈਨੂੰ ਨਹੀਂ ਖੋਤੇ ਦੇ ਖੁਰੋ ਉਸ ਕੰਬਖ਼ਤ ਨੂੰ *(ਕਾਲੂ ਤੇ ਪੀਲੂ ਪਿਤਾ ਨੂੰ ਛੱਡ ਕੇ ਬੁੱਧੂ ਨੂੰ ਫੜ ਲੈਂਦੇ ਹਨ)* ਓਏ ਬੰਨ੍ਹ ਦਿਓ ਇਸ ਨੂੰ, ਮੈਂ ਕਰਦਾ ਹਾਂ ਪੁਲਿਸ ਨੂੰ ਫੋਨ! *(ਬੁੱਧੂ ਨੂੰ)* ਹੂੰ, ਵੱਡਿਆ ਬਦਮਾਸ਼ਾ ਹੁਣ ਤੇ ਕਾਨੂੰਨ ਹੀ ਤੇਰੇ ਲਈ ਯਮਰਾਜ ਬਣ ਕੇ ਆਵੇਗਾ।

ਕਾਲੂ : ਬੱਚੂ! ਉਹਨਾਂ ਤੇ ਤੈਨੂੰ ਫ਼ਾਂਸੀ ਦੇ ਦੇਣੀ ਏ? ਐਸਾ ਲਟਕੇਂਗਾ ਸੂਲੀ ਤੇ ਕਿ ਜ਼ਿੰਦਗੀ ਭਰ ਯਾਦ ਰੱਖੇਂਗਾ! ਹੁਣ ਪਤਾ ਲੱਗੂ ਕਿ ਦੂਜਿਆਂ ਦੀਆਂ ਜਨਾਨੀਆਂ ਨਾਲ ਇਸ਼ਕ ਪੇਚੇ ਦਾ ਕੀ ਹਸ਼ਰ ਹੁੰਦਾ ਏ।

(ਫੇਡ ਆਊਟ)

*(ਅੱਕੀ ਆਉਂਦੀ ਹੈ, ਉਸਦੇ ਨਾਲ ਉਹਦੀ ਲੜਕੀ ਕਾਕੋ ਹੈ।)*

ਅੱਕੀ : ਤੁਹਾਡਾ ਘਰ ਲੱਭਦਿਆਂ ਲੱਭਦਿਆਂ ਤੇ ਸਾਲੀ ਜ਼ਿੰਦਗੀ ਅੱਧੀ ਰਹਿ ਗਈ। ਜ਼ਰਾ ਉਸ ਡਾਕਟਰ ਦੀ ਕੋਈ ਖ਼ਬਰਸਾਰ ਸੁਣਾਓ ਕਿ ਕੀ ਹਾਲਚਾਲ ਨੇ ਉਸ ਸਾਲੇ ਦੇ?

ਪੀਲੂ : ਬੱਸ, ਹੁਣੇ ਥੋੜ੍ਹੀ ਦੇਰ ਵਿਚ ਉਸ ਨੂੰ ਪੁਲੀਸ ਲਿਜਾਣ ਵਾਲੀ ਏ। ਉਹਨੂੰ ਤੇ ਫਾਂਸੀ ਹੋ ਜਾਣੀ ਏ।

ਅੱਕੀ : ਕੀ ਕਿਹਾ? ਮੇਰੇ ਪਤੀ ਨੂੰ ਫਾਂਸੀ? *(ਵੈਣ ਪਾਉਂਦੀ ਹੈ)* ਵੇ ਮੇਰੀਆਂ ਲੱਕੜਾਂ ਕੌਣ ਕੱਟ ਕੇ ਲਿਆਏਗਾ? ਵੇ ਮੈਨੂੰ ਕੁੱਟਿਆ ਕੌਣ ਕਰੇਗਾ? ਹਾਏ!...ਹਾਏ!!... ਵੇ ਇਹ ਤੇ ਦੱਸ ਕਿ ਉਹਨੇ ਐਸਾ ਕਿਹੜਾ ਜ਼ੁਲਮ ਕਰ ਦਿੱਤਾ!

ਪੀਲੂ : ਬੱਸ, ਸਾਡੇ ਮਾਲਕ ਦੀ ਲੜਕੀ ਦਾ ਉਧਾਲਾ ਕਰਾ ਦਿਤਾ ਇਸ ਲਈ। ਔਹ ਬੈਠਾ ਈ ਬੰਨ੍ਹਿਆ ਹੋਇਆ, ਕਰ ਲੈ ਆਖ਼ਰੀ ਦਰਸ਼ਨ!

ਅੱਕੀ : ਓ..ਹੋ! ਮੇਰੇ ਪਿਆਰੇ ਪਿਆਰੇ ਪਤੀ ਦੇਵ! ਕੀ ਇਹ ਸੱਚੀ ਮੁੱਚੀਂ ਦਾ ਸੱਚ ਏ ਕਿ ਤੈਨੂੰ ਫ਼ਾਂਸੀ ਹੋਣ ਵਾਲੀ ਏ?

ਬੁੱਧੂ : ਨਹੀਂ, ਐਵੇਂ ਮੁੱਚੀ ਦਾ ਸੱਚ ਏ, ਤੈਨੂੰ ਕੀ ਲਗਦਾ ਏ ਕਿ ਇਹ ਇਸ ਤਰ੍ਹਾਂ ਰੱਸੇ ਨਾਲ ਬੰਨ੍ਹ ਕੇ ਮੈਨੂੰ ਦਾਰੂ ਪਿਲਾਉਣਗੇ?

ਅੱਕੀ : ਅੱਛਾ! ਇਹ ਏ ਦੱਸ ਕਿ ਇੰਨੇ ਸਾਰੇ ਲੋਕਾਂ ਦੇ ਸਾਹਮਣੇ ਪੁਲੀਸ ਦੇ ਛਿੱਤਰ ਖਾਂਦਿਆਂ ਤੈਨੂੰ ਸ਼ਰਮ ਨਾ ਆਊ?

ਬੁੱਧੂ : ਤੇਰੇ ਹਿਸਾਬ ਨਾਲ ਮੈਨੂੰ ਕੀ ਕਰਨਾ ਚਾਹੀਦਾ ਏ?

ਅੱਕੀ : ਮੈਨੂੰ ਨਹੀਂ ਪਤਾ । ਦੱਸ ਤੇਰਾ ਕੀ ਕਰਾਂ? ਵੇ ਜੇ ਤੂੰ ਸੁੱਕੀ ਲੱਕੜ ਹੁੰਦਾ ਤਾਂ ਤੈਨੂੰ ਚੁੱਲ੍ਹੇ 'ਚ ਤਾਂ ਡਾਹ ਸਕਦੀ ਸੀ।

ਬੁੱਧੂ : ਦਫ਼ਾ ਹੋ ਜਾਹ ਇੱਥੋ! ਚੁੜੇਲ ਕਿਸੇ ਥਾਂ ਦੀ! ਜਾਹ ਅੱਜ ਤੋਂ ਮੇਰਾ ਤੇਰੇ ਨਾਲ ਕੋਈ ਵਾਸਤਾ ਨਹੀਂ।

ਅੱਕੀ : ਪਰ ਤੇਰੀ ਛਿੱਤਰ ਪਰੇਡ ਹੁੰਦੀ ਵੇਖ ਕੇ ਸੁਆਦ ਬੜਾ ਆਊ।

ਬੁੱਧੂ : ਚਾਚੀ ਸੁਆਦ ਦੀ! ਖਸਮ ਦੇ ਛਿੱਤਰ ਖਾਣ ਮਗਰੋਂ ਨੱਕ ਕਿਹੜਾ ਲੈ ਕੇ ਫਿਰੇਂਗੀ?

*(ਅੰਦਰੋਂ ਪਿਤਾ ਆਉਂਦਾ ਹੈ)*

ਪਿਤਾ : *(ਬੁੱਧੂ ਨੂੰ)* ਹੁਣੇ ਆ ਰਹੀ ਏ ਪੁਲੀਸ! ਫਿਰ ਵੇਖੀਂ ਕਿਵੇਂ ਉਧੜਦੀ ਏ ਚਮੜੀ ਤੇਰੀ। ਆਖ਼ਿਰ ਮੈਂ ਇਸ ਇਲਾਕੇ ਦਾ ਸਭ ਤੋਂ ਅਮੀਰ ਆਦਮੀ ਹਾਂ।

ਬੁੱਧੂ : ਹਜ਼ੂਰ, ਕੀ ਤੁਹਾਡੇ ਪੰਜ-ਸੱਤ ਛਿੱਤਰ ਮਾਰਨ ਨਾਲ ਨਹੀਂ ਸਰਦਾ?

ਪਿਤਾ : ਕੀ?

ਬੁੱਧੂ : ਪੰਜਾਹ ਮਾਰ ਲਵੋ!

ਪਿਤਾ : ਓਏ ਕਚਹਿਰੀਆਂ ਇਸ ਲਈ ਨਹੀਂ ਬਣੀਆਂ ਕਿ ਤੇਰੇ ਵਰਗੇ ਗੁੰਡੇ, ਬਦਮਾਸ਼ ਤੇ ਧੋਖੇਬਾਜ਼.... *(ਅਚਾਨਕ ਉਸ ਦੀ ਨਜ਼ਰ ਉਧਰ ਪੈਂਦੀ ਹੈ, ਜਿੱਧਰੋਂ ਪ੍ਰੇਮ ਤੇ ਪ੍ਰੀਤੀ ਆ ਰਹੇ ਹਨ)* ਹੈਂਅ.... ਇਹ ਮੈਂ ਕੀ ਵੇਖ ਰਿਹਾ ਹਾਂ?

ਪ੍ਰੇਮ : ਜਨਾਬ, ਮੈਂ ਆਪਣੇ ਆਪ ਨੂੰ ਤੁਹਾਡੇ ਸਾਹਮਣੇ ਹਾਜ਼ਰ ਕਰਨ ਤੇ ਪ੍ਰੀਤੀ ਨੂੰ ਤੁਹਾਡੇ ਹਵਾਲੇ ਕਰਨ ਆਇਆ ਹਾਂ। ਪਹਿਲਾਂ ਅਸੀਂ ਇਹੀ ਮਨ ਬਣਾਇਆ ਸੀ ਕਿ ਕਿਤੇ ਦੌੜ ਜਾਈਏ ਤੇ ਵਿਆਹ ਕਰ ਲਈਏ; ਪਰ ਇਸ ਤੋਂ ਪਹਿਲਾਂ ਹੀ ਇੱਕ ਐਸੀ ਘਟਨਾ ਵਾਪਰੀ ਕਿ ਅਸੀਂ ਆਪਣਾ ਇਰਾਦਾ ਬਦਲਣ ਲਈ ਸੋਚਿਆ। ਹੁਣ ਮੈਨੂੰ ਤੁਹਾਡੀ ਧੀ ਨੂੰ ਉਧਾਲਣ ਦੀ ਲੋੜ ਨਹੀਂ। ਤੁਸੀਂ ਖ਼ੁਦ ਹੀ ਮੈਨੂੰ ਆਪਣਾ ਜਵਾਈ ਬਨਾਉਣ ਲਈ ਤਿਆਰ ਹੋ ਜਾਵੋਗੇ। ਕੁੱਲ ਮਿਲਾ ਕੇ ਕਿੱਸਾ ਇਹ ਹੈ ਕਿ ਮੇਰੇ ਚਾਚਾ ਜੀ ਪ੍ਰਲੋਕ ਸਿਧਾਰ ਗਏ ਹਨ ਅਤੇ ਮੈਂ ਉਹਨਾਂ ਦੀ ਸਾਰੀ ਜਾਇਦਾਦ ਦਾ ਇਕਲੌਤਾ ਵਾਰਿਸ ਹਾਂ।

ਪਿਤਾ : ਖ਼ੁਸ਼ ਕੀਤਾ ਈ ਪੁੱਤਰ, ਜੱਫੀ ਪਾ ਮੈਨੂੰ *(ਕਲਾਵੇ 'ਚ ਲੈਂਦਾ ਹੈ)* ਮੈਂ ਤੇਰੀ ਨੇਕਦਿਲੀ ਦਾ ਕਾਇਲ ਹਾਂ ਅਤੇ ਆਪਣੀ ਧੀ ਦਾ ਹੱਥ ਬੜੀ ਖ਼ੁਸ਼ੀ ਨਾਲ ਤੈਨੂੰ ਸੌਂਪਦਾ ਹਾਂ। *(ਕਾਲੂ ਨੂੰ ਸੰਬੋਧਿਤ ਹੋ ਕੇ)* ਬਈ ਕਾਲੂ, ਖੋਲ੍ਹ ਦਿਓ ਡਾਕਟਰ ਸਾਹਿਬ ਨੂੰ! *(ਕਾਲੂ ਬੁੱਧੂ ਨੂੰ ਖੋਲ੍ਹਦਾ ਹੈ)*

ਬੁੱਧੂ : ਇਹ ਤਾਂ ਦੁਨੀਆਂ ਭਰ ਦੇ ਡਾਕਟਰਾਂ ਦੀ ਬੇਇਜ਼ਤੀ ਹੁੰਦੀ ਹੁੰਦੀ ਬਚ ਗਈ। ਇਹ ਬਹੁਤ ਹੀ ਚੰਗਾ ਹੋਇਆ, ਨਹੀਂ ਤੇ ਹੁਣੇ ਈ ਦੁਨੀਆਂ ਭਰ ਦੇ ਸਾਰੇ ਡਾਕਟਰਾਂ ਦੀ ਨੱਕ ਵੱਢੀ ਜਾਣੀ ਸੀ।

ਅੱਕੀ : ਤੈਨੂੰ ਮੇਰਾ ਸ਼ੁਕਰਗੁਜ਼ਾਰ ਹੋਣਾ ਚਾਹੀਦਾ ਏ ਕਿ ਮੈਂ ਤੈਨੂੰ ਡਾਕਟਰ ਬਣਾ ਦਿੱਤਾ।

ਬੁੱਧੂ : *(ਪ੍ਰੇਮ ਨੂੰ)* ਵੇਖ ਤੇਰੇ ਕਰਕੇ ਇਹਨਾਂ ਮੇਰਾ ਮਾਰ ਮਾਰ ਕੇ ਕਚੂੰਮਰ ਕੱਢ ਦਿੱਤਾ ਸੀ।

ਪ੍ਰੇਮ : ਪਰ ਉਸ ਦਾ ਨਤੀਜਾ ਕਾਫ਼ੀ ਵਧੀਆ ਨਿਕਲਿਆ।

ਬੁੱਧੂ : *(ਅੱਕੀ ਨੂੰ)* ਤੂੰ ਸਾਨੂੰ ਇੰਨੀ ਸ਼ਾਨ ਅਤੇ ਇੱਜ਼ਤ ਦੇ ਕਾਬਿਲ ਬਣਾਇਆ, ਅਸੀਂ ਤੇਰੇ ਤੇ ਬਹੁਤ ਖ਼ੁਸ਼ ਹਾਂ। ਇਸ ਲਈ ਤੈਨੂੰ ਮੁਆਫ਼ ਵੀ ਕਰਦੇ ਹਾਂ। ਪਰ ਤੈਨੂੰ ਹੁਣ ਮੇਰੇ ਨਾਲ ਇੱਜ਼ਤ ਨਾਲ ਪੇਸ਼ ਆਉਣਾ ਪਵੇਗਾ; ਕਿਉਂਕਿ ਤੈਨੂੰ ਸ਼ਾਇਦ ਪਤਾ ਨਹੀਂ ਕਿ ਇੱਕ ਡਾਕਟਰ ਤੋਂ ਯਮਰਾਜ ਵੀ ਥਰ ਥਰ ਕੰਬਦਾ ਏ।

ਅੱਕੀ : ਹੁਣ ਆ ਵੀ ਵੱਡਾ ਧਨੰਤਰ!

ਬੁੱਧੂ : ਕੀ ਕਿਹਾ...? *(ਉਹ ਕਾਲੂ ਤੋਂ ਡਾਂਗ ਖੋਹ ਕੇ ਅੱਕੀ ਪਿੱਛੇ ਦੌੜਦਾ ਹੈ, ਇੱਕ ਪਾਸੇ ਕੰਪੋਜੀਸ਼ਨ ਬਣਦੀ ਹੈ।)*

(ਸਾਰੇ ਸਟਿਲ, ਪਰਦਾ)

**(ਸਮਾਪਤ)**

# ਆਪਣਾ ਦਿਨ

*ਪਾਤਰ*

*1. ਸੂਤਰਧਾਰ (ਇੱਕ)*

*2. ਸੂਤਰਧਾਰ (ਦੋ)*

*3. ਸੇਠ (ਮਿੱਲ ਮਾਲਕ)*

*4. ਤਖਤਾ ਸਿੰਘ (ਮਿੱਲ ਮਾਲਕ ਦਾ ਪਾਲਿਆ ਹੋਇਆ ਗੁੰਡਾ)*

*5. ਮੁਰਲੀ (ਸੇਠ ਦਾ ਮੁਨੀਮ)*

*6. ਰਾਮਦੀਨ (ਇੱਕ ਮਿੱਲ ਮਜ਼ਦੂਰ)*

*7. ਸੀਤਾ (ਰਾਮਦੀਨ ਦੀ ਘਰਵਾਲੀ)*

*8. ਕੁਝ ਆਦਮੀ, ਮਜ਼ਦੂਰ ਅਤੇ ਔਰਤਾਂ*

# ਆਪਣਾ ਦਿਨ

## ਦ੍ਰਿਸ਼ ਪਹਿਲਾ

*(ਸਾਰੇ ਅਦਾਕਾਰ ਇੱਕ ਗੋਲ ਦਾਇਰੇ ਵਿਚ ਤਾੜੀਆਂ ਮਾਰਦੇ ਹੋਏ ਪ੍ਰਵੇਸ਼ ਕਰਦੇ ਹਨ ਅਤੇ ਕੋਈ ਸਮੂਹ ਗੀਤ ਗਾਉਂਦੇ ਹਨ। ਗੀਤ ਦਰਮਿਆਨ ਦਰਸ਼ਕਾਂ ਦਾ ਟਿਕਾਅ ਹੋ ਜਾਂਦਾ ਹੈ ਅਤੇ ਸੂਤਰਧਾਰ ਲੋਕਾਂ ਨੂੰ ਸੰਬੋਧਨ ਹੁੰਦੇ ਹਨ। ਇਸ ਦੇ ਨਾਲ ਹੀ ਬਾਕੀ ਕਲਾਕਾਰ ਦਾਇਰੇ 'ਚ ਇਕ ਵਿਸ਼ੇਸ਼ ਮੁਦਰਾ ਵਿਚ ਬੈਠਦੇ ਹਨ)*

ਸੂਤਰਧਾਰ 1 : ਹਾਜ਼ਰੀਨ! ਅੱਜ ਅਸੀਂ ਜਦੋਂ ਤੁਹਾਡੇ ਵਿਚ ਹਾਜ਼ਰ ਹੋਏ ਹਾਂ ਤਾਂ ਅਸੀਂ ਕਿਸੇ ਕਿਸਮ ਦਾ ਤਮਾਸ਼ਾ ਕਰਨ ਲਈ ਨਹੀਂ ਆਏ, ਨਾ ਹੀ ਅਸੀਂ ਤੁਹਾਨੂੰ ਲੰਮੇ ਚੌੜੇ ਫ਼ਾਇਦੇ ਦੱਸ ਕੇ ਕਿਸੇ ਦਵਾਈ ਨੂੰ ਵੇਚ ਕੇ ਤੁਹਾਡੀਆਂ ਜੇਬਾਂ ਸਾਫ਼ ਕਰਨੀਆਂ ਹਨ, ਨਾ ਹੀ ਸਾਂਢੇ ਦਾ ਤੇਲ ਵੇਚਣਾ ਹੈ ਤੇ ਨਾ ਹੀ ਚੂਹੇ ਮਾਰਨ ਦੀਆਂ ਗੋਲੀਆਂ ਜਾਂ ਸੁਰਮੇ ਦੀਆਂ ਸ਼ੀਸ਼ੀਆਂ।

ਸੂਤਰਧਾਰ 2 : ਹਾਜ਼ਰੀਨ! ਨਾ ਹੀ ਕਿਸੇ ਸਿਆਸੀ ਨੇਤਾ ਜਾਂ ਪਾਰਟੀ ਦਾ ਹੱਥ ਠੋਕਾ ਬਣ ਉਹਦਾ ਪ੍ਰਚਾਰ ਕਰਨ ਆਏ ਹਾਂ।

ਸੂਤਰਧਾਰ 1 : ਨਾ ਹੀ ਅਸੀਂ ਸਰਕਾਰ ਦੀਆਂ ਲੋਕਾਂ ਦੀ ਭਲਾਈ ਲਈ ਚਲਾਈਆਂ ਅਖੌਤੀ ਸਕੀਮਾਂ ਦਾ ਪ੍ਰਾਪੇਗੰਡਾ ਕਰਨ ਆਏ ਹਾਂ।

ਸੂਤਰਦਾਰ 2 : ਨਾ ਹੀ ਅਸੀਂ ਮਜਮਾ ਲਗਾ ਕੇ ਤੁਹਾਨੂੰ ਲੋਕਾਂ ਦੇ ਅਖੌਤੀ ਹਤੈਸ਼ੀਆਂ ਵਾਂਗ ਸੁਪਨੇ ਵਿਖਾ ਕੇ ਤੁਹਾਡੀ ਜਨ ਸ਼ਕਤੀ ਨੂੰ ਆਪਣੀਆਂ ਲੀਡਰੀਆਂ ਚਮਕਾਉਣ ਲਈ ਵਰਤਣ ਆਏ ਹਾਂ।

ਸੂਤਰਧਾਰ 1 : ਅਸੀਂ ਤੁਹਾਡੇ ਕੋਲੋਂ ਵੋਟਾਂ ਮੰਗਣ ਵੀ ਨਹੀਂ ਆਏ ਕਿ ਤੁਹਾਨੂੰ ਲਾਰੇ ਲਾ, ਚੋਣਾਂ ਜਿੱਤ ਕੇ ਪੰਜ ਸਾਲ ਲੋਕਾਂ ਦੇ ਪੈਸੇ ਨਾਲ ਭਰੇ ਸਰਕਾਰੀ ਖਜ਼ਾਨੇ ਨੂੰ ਲੁੱਟੀਏ।

ਸੂਤਰਧਾਰ 2 : ਤੇ ਆਪਣੇ ਧੀਆਂ-ਪੁੱਤਰਾਂ ਤੇ ਭਾਈ-ਭਤੀਜਿਆਂ ਨੂੰ ਉੱਚ ਅਹੁਦਿਆਂ ਨਾਲ ਨਿਵਾਜੀਏ!

ਸੂਤਰਧਾਰ 1 : ਸਰਕਾਰੀ ਅਹੁਦੇ ਪ੍ਰਾਪਤ ਕਰਨ ਖ਼ਾਤਰ ਬੋਲੀਆਂ ਹੁੰਦੀਆਂ ਨੇ, ਅਸੀਂ ਉਸ ਬੋਲੀ ਲਈ ਉਮੀਦਵਾਰ ਲੱਭਣ ਵੀ ਨਹੀਂ ਆਏ।

ਸੂਤਰਧਾਰ 2 : ਅਸੀਂ ਤਾਂ ਆਏ ਹਾਂ ਤੁਹਾਡੇ ਨਾਲ ਤੁਹਾਡੀ ਗੱਲ ਕਰਨ।

ਸੂਤਰਧਾਰ 1 : ਅੱਜ ਦੇ ਦਿਨ ਅੱਜ ਦੀ ਗੱਲ ਕਰਨ।

ਸੂਤਰਧਾਰ 2 : ਆਪਣੇ ਲੋਕਾਂ ਦੇ ਨਾਇਕਾਂ ਦੀ ਗੱਲ ਕਰਨ।

ਸੂਤਰਧਾਰ 1 : ਹਰ ਕੋਈ ਤਿਉਹਾਰ ਮਨਾਉਂਦਾ ਹੈ। ਸਾਰਿਆਂ ਦੇ ਆਪਣੇ ਆਪਣੇ ਮੇਲੇ ਹੁੰਦੇ ਨੇ।

ਸੂਤਰਧਾਰ 2 : ਹਿੰਦੂਆਂ, ਸਿੱਖਾਂ, ਮੁਸਲਮਾਨਾਂ ਤੇ ਈਸਾਈਆਂ ਦੇ ਆਪੋ ਆਪਣੇ ਦਿਨ-ਤਿਉਹਾਰ ਨੇ।

ਸੂਤਰਧਾਰ 1 : ਕਿਸੇ ਦੀ ਹੋਲੀ-ਲੋਹੜੀ ਹੈ, ਕਿਸੇ ਦੀ ਦੀਵਾਲੀ-ਗੁਰਪੁਰਬ ਹੈ, ਕਿਸੇ ਦੀ ਈਦ ਤੇ ਕਿਸੇ ਦੀ ਕ੍ਰਿਸਮਿਸ।

ਸੂਤਰਧਾਰ 2 : ਸਰਮਾਏਦਾਰਾਂ, ਜਗੀਰਦਾਰਾਂ ਤੇ ਸਰਕਾਰਾਂ ਦੇ ਆਪਣੇ ਦਿਨ-ਤਿਉਹਾਰ ਨੇ। ਕਦੇ ਗਾਂਧੀ-ਨਹਿਰੂ ਦਾ ਜਨਮ-ਦਿਨ, ਕਦੇ ਲਿੰਕਨ-ਵਿਕਟੋਰੀਆ ਦਾ, ਕਦੇ 26 ਜਨਵਰੀ ਤੇ ਕਦੇ 15 ਅਗਸਤ।

ਸੂਤਰਧਾਰ 1 : ਕਹਿਣ ਦਾ ਮਤਲਬ ਕਿ ਕਿਸੇ ਵੀ ਰਾਸ਼ਟਰ, ਦੇਸ਼, ਇਲਾਕੇ, ਧਰਮ, ਜਾਤ, ਫ਼ਿਰਕੇ ਤੇ ਵਰਗਾਂ ਦੇ ਆਪੋ ਆਪਣੇ ਦਿਨ ਦਿਹਾੜੇ ਨੇ, ਜਿਹੜੇ ਉਹ ਆਪੋ ਆਪਣੇ ਢੰਗ-ਤਰੀਕਿਆਂ ਨਾਲ ਮਨਾਉਂਦੇ ਨੇ।

ਸੂਤਰਧਾਰ 2 : ਤਾਂ ਫਿਰ ਸਾਡਾ ਮਜ਼ਦੂਰਾਂ ਦਾ ਆਪਣਾ ਕੋਈ ਤਿਉਹਾਰ ਨਹੀਂ ਹੋਣਾ ਚਾਹੀਦਾ? ਜਿਸ ਨੂੰ ਅਸੀਂ ਮਜ਼ਦੂਰ ਲੋਕ ਆਪਣੇ ਵਰਗ ਦਾ ਤਿਉਹਾਰ ਕਹਿ ਸਕੀਏ।

ਸੂਤਰਧਾਰ 1 : ਜਿਹੜਾ ਦਿਨ ਹੋਰਾਂ ਦੇ ਤਿਉਹਾਰ ਵਿਚ ਸ਼ਾਮਿਲ ਹੋਣ ਦੀ ਬਜਾਏ ਮਜ਼ਦੂਰ ਜਸ਼ਨਾਂ ਦਾ ਹੀ ਦਿਨ ਹੋਵੇ।

ਸੂਤਰਧਾਰ 2 : ਜਿਸ ਦਿਨ ਮਜ਼ਦੂਰ ਆਪਣੀ ਖ਼ੁਸ਼ੀ-ਗ਼ਮੀ ਅਤੇ ਹਰ ਕਿਸਮ ਦੇ ਮਸਲਿਆਂ ਨੂੰ ਉਭਾਰ ਸਕਣ।

ਸੂਤਰਧਾਰ 1 : ਜਿਸ ਦਿਨ ਨੂੰ ਕਿਸੇ ਇਕ ਰਾਸ਼ਟਰ, ਇਲਾਕੇ, ਦੇਸ਼, ਧਰਮ, ਜਾਤ, ਲਿੰਗ ਅਤੇ ਨਸਲ ਦੇ ਮਜ਼ਦੂਰ ਨਹੀਂ ਬਲਕਿ ਸੰਸਾਰ ਭਰ ਦੇ ਸਮੂਹ ਮਜ਼ਦੂਰ ਮਨਾਉਣ।

ਸੂਤਰਧਾਰ 2 : ਜਿਸ ਦਿਨ ਇਕ ਫੈਕਟਰੀ, ਸ਼ਹਿਰ ਜਾਂ ਦੇਸ਼ ਦੇ ਮਜ਼ਦੂਰ ਸਿਰਫ਼ ਆਪਣੀ ਫੈਕਟਰੀ, ਸ਼ਹਿਰ ਜਾਂ ਦੇਸ਼ ਦੇ ਮਸਲੇ ਹੀ ਨਾ ਰੱਖਣ ਸਗੋਂ ਸੰਸਾਰ ਭਰ ਦੇ ਮਜ਼ਦੂਰ ਵਰਗ ਦੇ ਸਾਹਮਣੇ ਦਰਪੇਸ਼ ਮਸਲੇ ਪੇਸ਼ ਕੀਤੇ ਜਾਣ।

ਸੂਤਰਧਾਰ 1 : ਜਿਸ ਦਿਨ ਮਜ਼ਦੂਰ ਆਪਣੀ ਨਿਤ-ਪ੍ਰਤੀ ਦੀਆਂ ਮੰਗਾਂ, ਤਨਖ਼ਾਹ ਵਧਾਉਣ, ਛੁੱਟੀਆਂ, ਬੋਨਸ ਤੱਕ ਸੀਮਿਤ ਨਾ ਰਹਿ ਕੇ ਬਲਕਿ ਸਮੁੱਚੇ ਮਜ਼ਦੂਰ ਵਰਗ ਦੀ ਆਜ਼ਾਦੀ ਤੇ ਲੁਟੇਰੇ ਨਿਜ਼ਾਮ ਤੋਂ ਮੁਕਤੀ ਦੇ ਬੁਨਿਆਦੀ ਮਸਲੇ ਦੀ ਸਾਂਝੀ ਆਵਾਜ਼ ਇੱਕ ਸੁਰ ਹੋ ਕੇ ਗੂੰਜੇ।

ਸੂਤਰਧਾਰ 2 : ਇਸ ਆਵਾਜ਼ ਵਿਚ ਮਜ਼ਦੂਰਾਂ ਦੀਆਂ ਸਾਂਝੀਆਂ ਉਮੰਗਾਂ ਤੇ ਮੰਗਾਂ ਦੀ ਗੂੰਜ, ਇੱਕ ਹੀ ਦਿਨ ਦੁਨੀਆਂ ਭਰ ਦੇ ਕਾਮਿਆਂ ਦਾ ਮਜ਼ਦੂਰ ਐਕਸ਼ਨ, ਦੁਨੀਆਂ ਭਰ ਦੇ ਲੁਟੇਰਿਆਂ ਸਾਮਰਾਜਵਾਦੀਆਂ ਤੇ ਪ੍ਰਤੀਕ੍ਰਿਆਵਾਦੀਆਂ ਲਈ ਇਕ ਲਲਕਾਰ ਹੋਵੇ।

ਸੂਤਰਧਾਰ 1 : ਦੁਨੀਆਂ ਭਰ ਦੀ ਮਜ਼ਦੂਰ ਜਮਾਤ ਦਾ ਐਸਾ ਸਾਂਝਾ ਤਿਉਹਾਰ ਹੋਣਾ ਚਾਹੀਦਾ ਏ ਜਦ ਉਹ ਸਾਰਿਆਂ ਲਈ ਕੰਮ, ਸਾਰਿਆਂ ਲਈ ਆਜ਼ਾਦੀ ਅਤੇ ਮਨੁੱਖ ਦੁਆਰਾ ਮਨੁੱਖ ਦੀ ਲੁੱਟ ਦਾ ਅੰਤ ਤੇ ਸਭ ਲਈ ਬਰਾਬਰੀ ਦਾ ਐਲਾਨ ਕਰੇ।

ਸੂਤਰਧਾਰ 2 : ਇਹੀ ਸੋਚ ਕੇ ਕ੍ਰਾਂਤੀਕਾਰੀ ਮਜ਼ਦੂਰ ਪੁਰਖਿਆਂ ਨੇ ਅਮਰੀਕਾ ਦੇ ਸ਼ਿਕਾਗੋ ਸ਼ਹਿਰ ਦੇ 1886 ਦੇ ਸ਼ਹੀਦ ਮਜ਼ਦੂਰਾਂ ਦੀ ਯਾਦ ਵਿਚ ਪਹਿਲੀ ਮਈ ਦਾ ਦਿਨ ਮਜ਼ਦੂਰ ਦਿਵਸ ਦੇ ਤੌਰ ਤੇ ਮਨਾਉਣ ਦਾ ਫ਼ੈਸਲਾ ਕੀਤਾ।

ਸੂਤਰਧਾਰ 1 : ਪਿਛਲੇ ਲੱਗਭੱਗ ਸੌ ਸਾਲਾਂ ਤੋਂ ਦੁਨੀਆਂ ਭਰ ਦੇ ਚੇਤਨ ਤੇ ਸੰਗਠਿਤ ਮਜ਼ਦੂਰ ਇਸ ਦਿਨ ਨੂੰ 'ਮਜ਼ਦੂਰ ਦਿਵਸ' ਦੇ ਤੌਰ ਤੇ ਮਨਾਉਂਦੇ ਆ ਰਹੇ ਹਨ।

ਸੂਤਰਧਾਰ 2 : ਦੁਨੀਆਂ ਭਰ ਦੇ ਜਾਗ੍ਰਿਤ ਕਾਮੇ ਇਸ ਦਿਨ ਨੂੰ ਬੜੀ ਧੂਮ ਧਾਮ ਨਾਲ ਮਨਾਉਂਦੇ ਨੇ ਤੇ ਇਸ ਮੁਬਾਰਕ ਮੌਕੇ ਫੈਕਟਰੀਆਂ 'ਚੋਂ ਕੰਮ ਛੱਡ ਸੜਕਾਂ ਤੇ ਨਿਕਲ ਆਉਂਦੇ ਨੇ।

ਸੂਤਰਧਾਰ 1 : ਰੈਲੀਆਂ ਤੇ ਪ੍ਰਦਰਸ਼ਨ ਕਰਦੇ ਨੇ।

ਸੂਤਰਧਾਰ 2 : ਉਹ ਸ਼ਹੀਦਾਂ ਦੇ ਖ਼ੂਨ ਨਾਲ ਰੰਗੇ ਹੋਏ ਲਾਲ ਝੰਡੇ ਦੀ ਛਤਰ ਛਾਇਆ ਹੇਠ ਇਕੱਠੇ ਹੋ ਕੇ ਆਪਣੇ ਮਜ਼ਦੂਰ ਪੁਰਖਿਆਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦੇ ਨੇ ਜਿਨ੍ਹਾਂ ਨੇ ਮਜ਼ਦੂਰ ਸੰਘਰਸ਼ਾਂ ਵਿਚ ਬੇਹਿਸਾਬ ਖ਼ੂਨ ਵਹਾਇਆ।

ਸੂਤਰਧਾਰ 1 : ਉਹ ਉਨ੍ਹਾਂ ਦੇ ਅਧੂਰੇ ਰਹਿ ਗਏ ਕਾਰਜਾਂ ਨੂੰ ਪੂਰਾ ਕਰਨ ਦਾ ਪ੍ਰਣ ਕਰਦੇ ਨੇ।

ਸੂਤਰਧਾਰ 2 : ਗਲਤੀਆਂ ਨੂੰ ਨੋਟ ਕਰਦੇ ਨੇ ਤੇ ਉਹਨਾਂ ਨੂੰ ਦੂਰ ਕਰਨ ਦੇ ਢੰਗ-ਤੀਰਕੇ ਲੱਭਦੇ ਨੇ।

ਸੂਤਰਧਾਰ 1 : ਤੇ ਆਓ ਸਾਥੀਓ ਤੁਹਾਨੂੰ ਵਿਖਾਉਂਦੇ ਹਾਂ ਮਜ਼ਦੂਰਾਂ ਦੇ ਸੰਘਰਸ਼ਾਂ ਦੀ ਕਹਾਣੀ, ਇਸ ਸਮਾਜ ਦੀ ਕਹਾਣੀ, ਇਹ ਮਸ਼ੀਨਾਂ ਜੋ ਮਿਹਨਤਕਸ਼ ਦੇ ਹੱਥਾਂ ਨਾਲ ਚੱਲਦੀਆਂ ਨੇ ਉਹਨਾਂ ਦੀ ਕਹਾਣੀ। ਮਿੱਲ-ਮਾਲਕਾਂ ਤੇ ਮਜ਼ਦੂਰਾਂ ਦੀ ਕਹਾਣੀ, ਗੁੰਡਿਆਂ ਤੇ ਮਜ਼ਬੂਰਾਂ ਦੀ ਕਹਾਣੀ।

ਸੇਠ : ਹਰ ਵੇਲੇ ਸਿਆਪਾ, ਇਨ੍ਹਾਂ ਮਜ਼ਦੂਰਾਂ ਦਾ ਸਿੜੀ-ਸਿਆਪਾ, ਦਿਮਾਗ ਖ਼ਰਾਬ ਹੋ ਗਿਆ ਏ ਇਨ੍ਹਾਂ ਦਾ। ਹਰ ਵੇਲੇ ਸਾਡਾ ਦਿਮਾਗ ਚੱਟਦੇ ਰਹਿਣਗੇ। *(ਇਕ ਪਾਸੇ ਵੱਲ ਅਚਾਨਕ ਵੇਖ ਕੇ)* ਕੀ ਕਿਹਾ? ਮੈਂ ਕੌਣ ਹਾਂ? ਜੀ, ਮੇਰਾ ਨਾਂ ਏ ਲਾਲਾ ਗਰੀਬ ਮੱਲ। ਬੜਾ ਈ ਗਰੀਬ ਤੇ ਨਿਮਾਣਾ ਜਿਹਾ ਬੰਦਾ ਹਾਂ ਮੈਂ। ਹਿੰਦੁਸਤਾਨ ਦੇ ਬੈਂਕ 'ਚ ਕਦੇ ਦੋ ਨੰਬਰ ਦਾ ਪੈਸਾ ਜਮ੍ਹਾ ਹੀ ਨਹੀਂ ਕਰਵਾਇਆ। ਉਹ ਤਾਂ ਪਹਿਲਾਂ ਈ ਸਵਿੱਸ ਬੈਂਕਾਂ 'ਚ ਪਿਆ ਦੁੱਧ ਪੀਂਦਾ ਏ। ਹਿੰਦੁਸਤਾਨ 'ਚ ਜਮ੍ਹਾ ਕਰਵਾ ਕੇ ਐਵੇਂ ਵਾਧੂ ਦਾ ਟੈਕਸ ਪਵਾਉਣਾ ਏ। ਪੰਜ ਛੇ ਵਿਦੇਸ਼ੀ ਤੇ ਤਿੰਨ ਚਾਰ ਦੇਸੀ ਕਾਰਾਂ ਨੇ, ਜਿਨ੍ਹਾਂ ਨੇ ਲਾਈਆਂ ਬਹਾਰਾਂ ਨੇ। ਬੜੀ ਸਖ਼ਤ ਜ਼ਿੰਦਗੀ ਏ ਮੇਰੀ। ਪਹਿਲਾਂ ਮੈਂ ਪੈਸੇ ਕਮਾਉਂਦਾ ਹਾਂ, ਮੰਤਰੀ ਨੂੰ ਬਣਵਾਉਂਦਾ ਹਾਂ, ਗੁੰਡਿਆਂ ਤੇ ਪੁਲਿਸ ਨੂੰ ਖਵਾਉਂਦਾ ਹਾਂ ਤੇ ਵਕੀਲ ਨੂੰ ਛਕਾਉਂਦਾ ਹਾਂ। ਮਜ਼ਦੂਰਾਂ ਨੂੰ ਧਮਕਾਉਂਦਾ ਹਾਂ, ਮਸ਼ੀਨਾਂ ਨੂੰ ਚਲਵਾਉਂਦਾ ਹਾਂ। ਪੂੰਜੀ ਜੇਬ 'ਚ ਪਾਉਂਦਾ ਹਾਂ ਤਾਂ ਜਾ ਕੇ ਕਿਤੇ ਲੰਡਨੋਂ ਵਿਸਕੀ ਮੰਗਵਾਉਂਦਾ ਹਾਂ। ਹਾਂ, ਤੁਸੀਂ ਨਾਰਾਜ਼ ਨਾ ਹੋਇਓ, ਤੁਹਾਡੇ ਲਈ ਵੀ ਇਕ ਹਸਪਤਾਲ ਤੇ ਦੋ ਕਬਰਸਤਾਨ ਬਣਵਾਵਾਂਗਾ। ਰਹੀ ਤੁਹਾਡੀ ਕਿਰਪਾ ਤਾਂ ਤੁਹਾਨੂੰ ਵੀ ਦਫ਼ਨਾਵਾਂਗਾ। ਬੱਸ ਭਾਅ ਵਧਾਉਣ ਦਾ ਦਾਅ ਲੱਗ ਜਾਵੇ ਤੇ ਅਗਲੀਆਂ ਚੋਣਾਂ 'ਚ ਫੇਰ ਮੇਰਾ ਸਾਲਾ ਮੰਤਰੀ ਬਣ ਜਾਵੇ। ਫੇਰ ਵੇਖਿਓ, ਕੀ ਕੀ ਗੁੱਲ ਖਿਲਾਉਂਦਾ ਹਾਂ। ਪਿਓ ਤੋਂ ਧੀ ਤੇ ਭਰਾ ਤੋਂ ਭੈਣ ਵਿਕਵਾਉਂਦਾ ਹਾਂ। ਬੱਸ ਆਪਣੀ ਤੇ ਏਹੋ ਏ ਜ਼ਿੰਦਗਾਨੀ...! ਜਿੰਨਾ ਖੀਸੇ 'ਚ ਪੈਂਦਾ, ਪਾ ਲਵੋ, ਵਰਨਾ ਇਹ ਦੁਨੀਆਂ ਬੇਗਾਨੀ! ...ਹੀ...ਹੀ...ਹੀ...! *(ਫਿਰ ਇਕਦਮ ਥੋੜ੍ਹਾ ਚਿੰਤਤ ਹੋ ਕੇ)* ਇਹ ਤਖ਼ਤਾ ਸਿੰਘ ਪਤਾ ਨਹੀਂ ਕਿੱਥੇ ਮਰ ਗਿਆ ਏ? ਜਦੋਂ ਹੱਡੀ ਚੂਸਣੀ ਹੁੰਦੀ ਏ, ਉਦੋਂ ਬੜੀ ਪੂਛ ਹਿਲਾਊਗਾ, ਅੱਜ ਪਤਾ ਨਹੀਂ ਕਿਹੜੇ ਹਰਨਾਂ ਦੇ ਸਿੰਙੀਂ ਚੜ੍ਹ ਗਿਆ ਏ? *(ਸਟਿੱਲ)*

ਤਖ਼ਤਾ ਸਿੰਘ : ਕਿਸ ਨੇ ਕੀਤੀ ਭਕਾਈ ਏ, ਕੀਹਦੀ ਸ਼ਾਮਤ ਆਈ ਏ। ਆਪਣਾ ਤੇ ਹੈ ਡਾਂਗ ਤੇ ਡੇਰਾ। ਹਰ ਕਿਸਮ ਦਾ ਹਥਿਆਰ ਹੈ ਮੇਰਾ। ਟਕੂਆ, ਬੰਦੂਕ, ਪਸਤੌਲ ਤੇ ਡੰਡਾ, ਸਭ ਕੁਝ ਮੈਂ ਚਲਾ ਸਕਦਾ ਹਾਂ। ਜਿਹੜਾ ਤਿੜ ਫਿੜ ਕਰੇ ਸੇਠ ਨਾਲ, ਉਸਨੂੰ ਧੂੜ ਚਟਾ ਸਕਦਾ ਹਾਂ। ਇੱਕ ਹੀ ਝਟਕੇ 'ਚ ਜੀਹਦੀ ਚਾਹਵਾਂ ਲੈ ਸਕਦਾ ਹਾਂ ਜਾਨ, ਪੀਤੀ ਹੋਵੇ ਜਦ ਬੋਤਲ, ਨਹੀਂ ਸੋਚੀਦੀ ਮਰਿਆ ਕੁੱਤਾ ਜਾਂ ਇਨਸਾਨ। ਇਹ ਕੁੰਢੀਆਂ ਮੁੱਛਾਂ ਤੇ ਚੌੜਾ ਸੀਨਾ। ਇਸੇ ਉਤੇ ਹੈ ਆਪਣਾ ਜੀਣਾ। ਪੀਣੀ ਦਾਰੂ ਤੇ ਖਾਣੀਆਂ ਫ਼ੀਮਾਂ। ਮਿਲੇ ਹੁਕਮ ਤੇ ਕਰ ਦਿਆਂ ਕੀਮਾ। ਹੜਤਾਲੀਆਂ ਲਈ ਮੈਂ ਇਕ ਬਲਾ ਹਾਂ। ਇਹ ਸੇਠ ਮੈਥੋਂ ਹੀ ਦੰਗੇ ਕਰਵਾਉਂਦਾ ਏ। ਭਰਾਵਾਂ ਨੂੰ ਆਪੋ ਵਿਚ ਲੜਾਉਂਦਾ ਏ। ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਦੇ, ਤਾਹੀਓਂ ਸਿਰ ਪੜਵਾਉਂਦਾ ਏ। ਮਜ਼ਦੂਰ ਤਾਂ ਮਾਲਕ ਨੂੰ ਇਕ ਦਿਨ ਵੀ ਨਾ ਟਿਕਣ ਦੇਣ, ਮੇਰੇ ਹੀ ਕਰਕੇ ਇੰਨੀ ਵੱਡੀ ਮਿੱਲ ਚਲਾਉਂਦਾ ਏ। ਜੇ ਕਿਸੇ ਨੇ ਦਿੱਤੀ ਇਨਸਾਫ਼ ਦੀ ਦੁਹਾਈ, ਤਾਂ ਸਮਝੋ ਉਹਦੀ ਸ਼ਾਮਤ ਆਈ। ਰਹਿਮ ਮੈਂ ਬਿਲਕੁਲ ਨਹੀਂ ਕਰਦਾ; ਭਾਵੇਂ ਹੋਵੇ ਬੱਚਾ, ਬੁੱਢਾ ਜਾਂ ਮਾਈ। *(ਸਟਿੱਲ ਹੁੰਦਾ ਹੈ) (ਮੁਨੀਮ ਮੁਰਲੀ ਪ੍ਰਵੇਸ਼ ਕਰਦਾ ਹੈ)*

ਮੁਰਲੀ : ਮੇਰਾ ਨਾਂ ਏ ਮੁਰਲੀ, ਮੈਂ ਮੁਨੀਮ ਹਾਂ ਸੇਠ ਦਾ। ਕਿੱਥੇ ਕੀ ਕੀ ਹੋ ਰਿਹਾ ਏ, ਸਭ ਕੁਝ ਹਾਂ ਮੈਂ ਵੇਖਦਾ। ਜੋੜ ਤੋੜ ਕਰਨਾ ਮੇਰਾ ਕੰਮ, ਮਾਲਿਕਾਂ ਲਈ ਹਾਜ਼ਰ ਮੇਰਾ ਚੰਮ। ਜੋ ਵੀ ਹੁਕਮ ਮਿਲੇ ਠੋਕ ਵਜਾਉਂਦਾ ਹਾਂ। ਉਂਞ ਵਿੱਚ ਵਿਚਾਲੇ ਵਾਲਾ ਕੰਮ ਦੱਲਪੁਣਾ ਵੀ ਕਮਾਉਂਦਾ ਹਾਂ। *(ਸਟਿੱਲ ਹੁੰਦਾ ਹੈ)*

ਮਜ਼ਦੂਰ : *(ਪ੍ਰਵੇਸ਼ ਕਰਦਿਆਂ)* ਮੈਨੂੰ ਕੀ ਮਿਲਦਾ ਏ? ਮੇਰੇ ਹਿੱਸੇ ਆਉਂਦੀਆਂ ਨੇ ਗਾਹਲਾਂ, ਰਾਸ਼ਨ ਵਾਲੇ ਦੀਆਂ ਗਾਹਲਾਂ, ਦੁੱਧ ਵਾਲੇ ਦੀਆਂ ਗਾਲ੍ਹਾਂ, ਮਿੱਲ ਮਾਲਕ ਦੀਆਂ ਗਾਲ੍ਹਾਂ, ਗੁੰਡਿਆਂ ਤੇ ਪੁਲਿਸ ਵਾਲਿਆਂ ਦੀ ਕੁੱਟ ਮਾਰ ਤੇ ਗਾਲ੍ਹਾਂ। ਗਾਲ੍ਹਾਂ ਖਾ ਖਾ ਕੇ ਮੇਰਾ ਦਿਮਾਗ ਗਿਆ ਏ ਫਿਰ। ਮੈਂ ਇਸ ਸਾਰੇ ਚੱਕਰਵਿਊ ਵਿਚ ਗਿਆ ਹਾਂ ਘਿਰ। ਮੈਨੂੰ ਸਮਝਿਆ ਜਾਂਦਾ ਏ ਫਾਲਤੂ ਦੀ ਚੀਜ਼, ਪਰ ਨਹੀਂ ਹਾਂ ਮੈਂ ਫ਼ਾਲਤੂ ਦੀ ਚੀਜ਼। ਮੇਰੀ ਤਾਂ ਹਰ ਵਕਤ ਬਣਦੀ ਏ ਚਟਣੀ, ਤਨਖ਼ਾਹ ਮੰਗੋ ਤਾਂ ਚਟਣੀ... ਨਾ ਮੰਗੋ ਤਾਂ ਵੀ ਚਟਣੀ!... ਛੁੱਟੀ ਮੰਗੋ ਤਾਂ ਚਟਣੀ, ਬੋਨਸ ਮੰਗੋ ਤਾਂ ਵੀ ਚਟਣੀ! ਮੈਂ ਤਾਂ ਕਦੇ ਵੀ ਦੋ ਵੇਲੇ ਢਿੱਡ ਭਰ ਨਹੀਂ ਖਾ ਸਕਦਾ। ਲੱਖ ਕੋਸ਼ਿਸ਼ ਕਰਾਂ ਘੇਰੇ ’ਚੋਂ ਮੈਂ ਬਾਹਰ ਨਹੀਂ ਜਾ ਸਕਦਾ। *(ਬੋਲਦਾ ਬੋਲਦਾ ਘੇਰੇ ’ਚੋਂ ਬਾਹਰ ਜਾਂਦਾ ਹੈ, ਬਾਕੀ ਪਾਤਰਾਂ ਦਾ ਸਟਿੱਲ ਟੁੱਟਦਾ ਹੈ)*

ਗਰੀਬ ਮੱਲ : ਸੁਣਾ ਬਈ ਮੁਰਲੀ ਰਾਮਾ! ਕੋਈ ਆਕੜਦਾ ਤੇ ਨਹੀਂ ਕਾਮਾ? ਸਭ ਕੁਝ ਤਾਂ ਠੀਕ ਹੈ ਨਾ ਚੱਲ ਰਿਹੈ? ਜਾਂ ਕੋਈ ਖਿਲਾਰ ਝੱਲ ਰਿਹੈ?

ਮੁਰਲੀ : ਸਰਕਾਰ ਅਜੇ ਤਾਂ ਖ਼ਾਸ ਕੋਈ ਲਫੜਾ ਨਹੀਂ। ਨੌਕਰੀ ਛੁੱਟਣ ਤੇ ਕੁੱਟ ਦੇ ਡਰ ਤੋਂ ਕੋਈ ਕਾਮਾ ਵੀ ਆਕੜਾ ਨਹੀਂ।

ਸੇਠ : ਮੈਂ ਸੁਣਿਐ, ਖੁਲਰ ਸਾਹਿਬ ਦੀ ਮਿੱਲ ਤੇ ਹੋਈ ਏ ਹੜਤਾਲ। ਆਪਣੇ ਕਾਮਿਆਂ ਤੇ ਅਸਰ ਤਾਂ ਨਹੀਂ, ਕਰ ਇਸ ਦੀ ਪੜਤਾਲ।

ਮੁਰਲੀ : ਜੀ, ਮੈਂ ਹਰ ਚੀਜ਼ ਦਾ ਪਤਾ ਕਰਵਾਇਆ ਏ। ਇੱਕ ਲਾਲ ਝੰਡੇ ਵਾਲਾ ਇੱਥੇ ਪੁੱਜਾ ਸੀ, ਪਰ ਤਖ਼ਤਾ ਸਿਉਂ ਨੇ ਮਾਰ ਭਜਾਇਆ ਏ।

ਸੇਠ : ਇਨ੍ਹਾਂ ਲਾਲ ਝੰਡੇ ਵਾਲਿਆਂ ਨੂੰ ਮਿੱਲ ਦੇ ਨੇੜੇ ਨਹੀਂ ਆਉਣ ਦੇਣਾ। ਇਹ ਮਜ਼ਦੂਰਾਂ ਨੂੰ ਭੜਕਾਉਂਦੇ ਨੇ, ਪੈਰ ਨਹੀਂ ਇੱਥੇ ਪਾਉਣ ਦੇਣਾ।

ਤਖ਼ਤਾ ਸਿੰਘ : ਘੋੜੇ ਵੇਚ ਕੇ ਸੌਂਵੋਂ ਜੀ, ਜਦ ਤੱਕ ਜੀਉਂਦਾ ਏ ਇਹ ਤਖ਼ਤਾ। ਕੋਈ ਐਰਾ ਗੈਰਾ ਪੈਰ ਨਹੀਂ ਇੱਥੇ ਪਾ ਸਕਦਾ। ਜੇ ਕੋਈ ਹੋਈ ਐਸੀ ਵੈਸੀ ਗੱਲ ਤਾਂ ਪਹਿਲਾਂ ਪੰਜਾਬੀ ’ਚ ਸਮਝਾਵਾਂਗਾ। ਜੇ ਨਾ ਪਈ ਉਹਦੇ ਖ਼ਾਨੇ ’ਚ ਤਾਂ ਅਗਲੇ ਦੁਆਰ ਪਹੁੰਚਾਵਾਂਗਾ।

ਸੇਠ : ਜਿਉਂਦਾ ਰਹਿ ਓਏ ਜਿਉਂਦਾ ਰਹਿ! ਤੂੰ ਏ ਸਾਡਾ ਖ਼ਾਸ ਤਖ਼ਤਾ! ਤੇਰੇ ਸਿਰ ਤੇ ਹੀ ਕਾਇਮ ਹੈ ਲੋਕਾਂ ਵਿਚ ਸਾਡਾ ਸਖ਼ਤਾ।

ਮੁਰਲੀ : ਪਰ ਮੈਂ ਜੀ ਉੱਡਦੀ ਉੱਡਦੀ ਗੱਲ ਸੁਣੀ ਏ ਆਪਣੇ ਸੂਹੀਏ ਤੋਂ। ਲਾਲ ਝੰਡੇ ਵਾਲਾ ਇਕ ਮਜ਼ਦੂਰਾਂ ਦੇ ਘਰ ’ਚ ਜਾਂਦਾ ਏ, ਜੋ ਸਬਕ ਨਵੇਂ ਪੜਾਂਦਾ ਏ, ਮਾਲਿਕਾਂ ਖ਼ਿਲਾਫ਼ ਭੜਕਾਂਦਾ ਏ। ਕੱਲ੍ਹ ਨੂੰ ਕੋਈ ਵੀ ਗੱਲ ਹੋ ਸਕਦੀ ਏ। ਅੱਜ ਦੀ ਚੰਗਿਆੜੀ ਕੱਲ੍ਹ ਸਭ ਕੁਝ ਸਾੜ ਸਕਦੀ ਏ।

ਸੇਠ : ਇਹ ਤੇ ਤੂੰ ਬੜੀ ਚਿੰਤਾ ਦੀ ਗੱਲ ਹੈ ਸੁਣਾਈ। ਜਿਸ ਚੀਜ਼ ਦਾ ਡਰ ਸੀ, ਉਹੀ ਹੈ ਆਈ। ਸੋਚ ਕੀ ਕਰ ਸਕਦੇ ਹਾਂ ਹੁਣ? ਆਈ ਬਲਾ ਕਿੰਞ ਟਾਲ ਸਕਦੇ ਹਾਂ ਹੁਣ?

ਮੁਰਲੀ : ਨਾਮ ਏ ਮੇਰਾ ਜਦ ਮੁਰਲੀ, ਫਿਰ ਐਸੀ ਮੁਰਲੀ ਵਜਾਵਾਂਗਾ। ਯੂਨੀਅਨ ਵਾਲੇ ਨੇੜੇ ਨਾ ਫਟਕਣ, ਐਹੋ ਜਿਹਾ ਚੱਕਰ ਚਲਾਵਾਂਗਾ। ਉਹ ਜੋ ਆਦਮੀ ਆਂਦਾ ਹੈ, ਯੂਨੀਅਨ ਇੱਥੇ ਬਣਵਾਂਦਾ ਹੈ। ਉਹ ਮਜ਼ਦੂਰਾਂ ਨੂੰ ਹੈ ਭਰਮਾ ਰਿਹਾ। ਲਾਲ ਝੰਡੇ ਨਾਲ ਰਲਾ ਰਿਹਾ।

ਸੇਠ : ਫਿਰ ਉਹਨੂੰ ਇਧਰ ਆਵਣ ਦੇ। ਪੈਰ ਇਸ ਅੰਦਰ ਪਾਵਣ ਦੇ। ਐਸੀ ਚਕਰੀ ਘੁਮਾਵਾਂਗਾ। ਨਾਨੀ ਚੇਤੇ ਕਰਵਾਵਾਂਗਾ।

ਮੁਰਲੀ : ਸੇਠ ਜੀ, ਨਹੀਂ ਕਿਸੇ ਨੂੰ ਵੀ ਗੁੱਸੇ ’ਚ ਬੋਲਣਾ ਨਹੀਂ। ਆਪਣੇ ਅੰਦਰਲਾ ਭੇਦ ਇੰਨੀ ਛੇਤੀ ਖੋਲ੍ਹਣਾ ਨਹੀਂ।

*(ਮੁਰਲੀ ਜਾਂਦਾ ਹੈ)*

*(ਬਾਹਰੋਂ ਰਾਮਦੀਨ ਆਉਂਦਾ ਹੈ)*

ਰਾਮਦੀਨ : ਕੀ ਮੈਂ ਅੰਦਰ ਆ ਜਾਵਾਂ ਜੀ?

ਸੇਠ : ਆ ਜਾਓ, ਆ ਜਾਓ ਹਾਜ਼ਰੀਨ! ਤੁਹਾਡਾ ਹੀ ਤਾਂ ਦਫ਼ਤਰ ਏ, ਕਾਹਦੀ ਝਿਜਕ ਏ ਰਾਮਦੀਨ?

ਰਾਮਦੀਨ : ਇੱਕ ਬੇਨਤੀ ਕਰਨੀ ਸੀ ਸੇਠ ਜੀ!

ਸੇਠ : ਇੱਕ ਛੱਡ ਕੇ ਦੋ ਕਰ, ਬੇਨਤੀ ਨਹੀਂ ਤੂੰ ਹੁਕਮ ਕਰ।

ਰਾਮਦੀਨ : ਸਾਡੇ ਗਰੀਬਾਂ ਦੇ ਕਾਹਦੇ ਹੁਕਮ ਨੇ ਸੇਠ ਜੀ, ਸਾਡੀਆਂ ਤੇ ਅਰਜ਼ਾਂ ਨੇ। ਨਿਮਾਣਿਆ ਦੀਆਂ ਤੁਹਾਡੇ ਤਾਂਈ ਗਰਜ਼ਾਂ ਨੇ।

ਸੇਠ : ਓਏ ਚੱਲ ਅਰਜ਼ ਹੀ ਕਰ! ਆਪਣੇ ਕੋਲ ਟੈਮ ਨਹੀਂ ਹੈਗਾ! ਐਵੇਂ ਨਾ ਹਰਜ਼ ਕਰ।

ਰਾਮਦੀਨ : ਸੇਠ ਜੀ, ਮੇਰਾ ਬੱਚਾ ਬਹੁਤ ਬੀਮਾਰ ਏ, ਮੈਨੂੰ ਛੁੱਟੀ ਚਾਹੀਦੀ ਏ, ਮੈਂ ਉਹਨੂੰ ਡਾਕਟਰ ਨੂੰ ਵਿਖਾਉਣਾ ਏ; ਨਾਲੇ ਸੇਠ ਜੀ, ਦੋ ਕੁ ਸੌ ਰੁਪਿਆ ਅਡਵਾਂਸ ਚਾਹੀਦਾ ਸੀ, ਤਨਖ਼ਾਹ 'ਚੋਂ ਕੱਟ ਲੈਣਾ।

ਲਾਲਾ : ਬਈ ਰਾਮਦੀਨ, ਛੁੱਟੀ ਤਾਂ ਇਹਨਾਂ ਦਿਨਾਂ 'ਚ ਤੈਨੂੰ ਪਤੈ, ਨਹੀਂ ਮਿਲ ਸਕਦੀ! ²ਕੰਮ ਦਾ ਸੀਜ਼ਨ ਚੱਲ ਰਿਹੈ।

ਰਾਮਦੀਨ : ਪਰ ਸੇਠ ਜੀ, ਮੇਰਾ ਬੱਚਾ ਇਲਾਜ਼ ਖੁਣੋਂ ਮਰ ਜਾਏਗਾ!

ਤਖ਼ਤਾ ਸਿੰਘ : ਓਏ ਤੁਹਾਡੇ ਬੱਚੇ ਤਾਂ ਹਮੇਸ਼ਾਂ ਹੀ ਮਰਦੇ ਰਹਿੰਦੇ ਨੇ; ਸਗੋਂ ਕੱਲ੍ਹ ਦੀ ਮਾੜੀ ਜ਼ਿੰਦਗੀ ਨਾਲੋਂ ਅੱਜ ਦੀ ਮੌਤ ਹੀ ਚੰਗੀ ਆ।

ਰਾਮਦੀਨ : ਹੋਸ਼ ਦੀ ਗੱਲ ਕਰੋ ਤਖ਼ਤਾ ਸਿੰਘ, ਕੀ ਹੋਇਆ ਜੇ ਅੱਜ ਤੂੰ ਮਾਲਕਾਂ ਦੇ ਨਾਲ ਏਂ, ਪਰ ਮਾਲਕ ਤਾਂ ਨਹੀਂ। ਇਹ ਨਾ ਭੁੱਲ ਕਿ ਤੂੰ ਵੀ ਇੱਕ ਨੌਕਰ ਏਂ।

ਤਖ਼ਤਾ ਸਿੰਘ : ਓਏ ਬਹੁਤੀ ਚਵੜ ਚਵੜ ਨਾ ਕਰ। ਬਹੁਤਾ ਔਖਾ ਹੋਇਓਂ ਤਾਂ ਭੱਠੀ 'ਚ ਸੁੱਟਦੂੰ, ਫੇਰ ਹੱਡੀਆਂ ਵੀ ਨਹੀਂ ਲੱਭਣੀਆਂ ਸਾਲਿਆ ਤੇਰੀਆਂ ਹਰਦੁਆਰ ਲਿਜਾਣ ਲਈ! ਇੱਕ ਤਾਂ ਮਸ਼ੀਨ ਬੰਦ ਕਰਕੇ ਇੱਧਰ ਧੱਕੇ ਖਾਂਦਾ ਫਿਰਦੈਂ, ਦੂਜਾ ਅੱਗੋਂ ਬੋਲਦਾ। ਇਕ ਮਾਰੂੰ ਲੱਫੜ ਸਾਲੇ ਦੇ।

ਰਾਮਦੀਨ : ਜ਼ਰਾ ਮਾਰ ਕੇ ਤਾਂ ਵਿਖਾ, ਮੈਨੂੰ 'ਕੱਲਾ ਨਾ ਸਮਝੀਂ।

ਤਖ਼ਤਾ ਸਿੰਘ : ਖੜ ਜਾ ਤੇਰੀ ਮੈਂ.... *(ਗਲ ਪੈਣ ਲਗਦਾ ਹੈ)*

ਸੇਠ : ਨਾ ਬਈ ਨਾ! *(ਵਿਚ ਪੈ ਕੇ ਛੁਡਾਉਂਦਾ ਹੈ)* ਲੜਨਾ ਨਹੀਂ... ਇਸ ਲੜਾਈ ਨੇ ਕਈ ਕਲੇਸ਼ ਪਾਏ ਨੇ, ਇਸ ਲਈ ਤੁਸੀਂ ਨਾ ਲੜਿਓ! ਰਾਮਦੀਨਾ, ਜਾਹ ਜਾ ਕੇ ਅਕਾਉਂਟੈਂਟ ਤੋਂ 50 ਰੁਪਏ ਲੈ ਜਾ ਤੇ ਘੰਟੇ ਕੁ 'ਚ ਮੁੜ ਆਵੀਂ! ਜਾਹ ਬੜਾ ਚੰਗਾ ਆ... *(ਰਾਮਦੀਨ ਜਾਂਦਾ ਹੈ)*

ਤਖ਼ਤਾ ਸਿੰਘ : ਸੇਠ ਜੀ, ਤੁਸੀਂ ਉਹਨੂੰ ਬਚਾ ਲਿਆ, ਨਹੀਂ ਤੇ ਅੱਜ ਸਾਰੀ ਖ਼ੁਸ਼ਕੀ ਦੂਰ ਕਰ ਦੇਣੀ ਸੀ।

ਸੇਠ : ਓਏ ਤਖ਼ਤਾ ਸਿੰਹਾਂ! ਕਾਰੋਬਾਰ ਤੇ ਮਿੱਲਾਂ ਚਲਾਉਣ ਦੇ ਆਪਣੇ ਹੀ ਅਸੂਲ ਹੁੰਦੇ ਨੇ। ਹਮੇਸ਼ਾਂ ਮਜ਼ਦੂਰ ਨੂੰ ਦਬਾ ਕੇ ਰੱਖੋ, ਕਦੇ ਪੈਸੇ ਪੂਰੇ ਨਾ ਦਿਓ। ਇਹਨਾਂ ਦਾ ਆਟੇ ਵਾਲਾ ਪੀਪਾ ਤੇ ਢਿੱਡ ਦੋਵੇਂ ਖਾਲੀ ਰਹਿਣ ਤਾਂ ਹੀ ਇਹਨਾਂ ਦਾ ਦਿਮਾਗ ਟਿਕਾਣੇ ਰਹਿੰਦਾ ਏ; ਨਹੀਂ ਤੇ ਪੈਰ ਦੀ ਜੁੱਤੀ ਸਿਰ ਨੂੰ ਆਉਂਦੀ ਏ। ਓਏ ਇਨ੍ਹਾਂ ਦੀਆਂ ਤੇ ਰਿ²ਸ਼ਤੇਦਾਰੀਆਂ ਈ ਨਹੀਂ ਮਾਣ! ਇਹ ਕੰਮ ਘੱਟ ਤੇ ਕੁਰਬਲ ਪ੍ਰੋਗਰਾਮ ਜ਼ਿਆਦਾ ਕਰਦੇ ਨੇ।

ਤਖ਼ਤਾ ਸਿੰਘ : ਇਹ ਕੁਰਬਲ ਪ੍ਰੋਗਰਾਮ ਕੋਈ ਵੀਹ ਨੁਕਾਤੀ ਪ੍ਰੋਗਰਾਮ ਏ ਸੇਠ ਜੀ?

ਸੇਠ : ਓਏ ਕੁਰਬਲ ਪ੍ਰੋਗਰਾਮ ਨੂੰ ਨਹੀਂ ਸਮਝਦਾ ਤੂੰ? ਕਮਲਿਆ! ਇਹ ਤੇਰ੍ਹਾਂ ਤੇਰ੍ਹਾਂ ਤੇ ਨਿਆਣੇ ਜੰਮੀ ਫਿਰਦੇ ਨੇ। ਨਾ ਇਹਨਾਂ ਤੇ ਕੋਈ ਫੈਮਿਲੀ ਪਲੈਨਿੰਗ ਵਾਲਿਆਂ ਦਾ ਅਸਰ ਤੇ ਨਾ ਕਿਸੇ ਹੋਰ ਦੀ ਗੱਲ ਦਾ।

ਤਖਤਾ ਸਿੰਘ : ਪਰ ਸੇਠ ਜੀ, ਇਹਦਾ ਵੀ ਤਾਂ ਥੋਨੂੰ ਈ ਫੈਦਾ ਏ। ਲੇਬਰ ਦੀ ਕੋਈ ਕਮੀ ਨਹੀਂ ਰਹਿੰਦੀ ਤੇ ਉਹ ਵੀ ਸਸਤੀ।

ਸੇਠ : ਓਏ, ਉਹ ਤਾਂ ਠੀਕ ਏ, ਪਰ ਕੰਮ ਕਿਹੜਾ ਇਹ ਢੰਗ ਨਾਲ ਕਰਦੇ ਨੇ! ਹਰ ਵੇਲੇ ਸਾਡੇ ਰੰਗ 'ਚ ਭੰਗ ਪਾਉਂਦੇ ਰਹਿੰਦੇ ਨੇ।

ਤਖਤਾ ਸਿੰਘ : ਰੰਗ ਤੋਂ ਚੇਤਾ ਆਇਆ ਜੀ। ਰੰਗ ਤੇ ਪਰਸੋਂ ਰਾਤੀਂ ਆਪਣੇ ਫਾਰਮ ਹਾਊਸ 'ਤੇ ਤੁਸੀਂ ਬੜਾ ਲਾਇਆ ਜੀ। ਥਾਣੇਦਾਰ ਗੋਲੀ ਮਾਰ ਸਿੰਘ ਵੇਖਿਆ; ਕਿਵੇਂ ਮਸਤ ਹੋਇਆ ਸੀ ਗੁਲਾਬੋ 'ਤੇ!... ਜਾਣ ਈ ਨਹੀਂ ਸੀ ਦਿੰਦਾ।

ਸੇਠ : ਓਏ ਕਮਲਿਆ! ਇਹੋ ਜਿਹੀਆਂ ਗੱਲਾਂ ਐਵੇਂ ਨਹੀਂ ਕਰੀਦੀਆਂ। ਕੁਝ ਗੱਲਾਂ ਪਰਦੇ 'ਚ ਵੀ ਰੱਖ ਲਈਦੀਆਂ ਨੇ। ਕੰਧਾਂ ਦੇ ਵੀ ਕੰਨ ਹੁੰਦੇ ਨੇ! ਨਾਲੇ ਗੋਲੀ ਮਾਰ ਸਿੰਘ ਨੂੰ ਜਾ ਕੇ ਉਹਦਾ ਰਾਸ਼ਨ-ਪਾਣੀ ਪੁੱਜਦਾ ਕਰ। ਉਸ ਦਿਨ ਗੱਲਾਂ ਗੱਲਾਂ 'ਚ ਸੁਣਾਈ ਜਾਂਦਾ ਸੀ। ਇਹਨਾਂ ਲੋਕਾਂ ਨੂੰ ਵਕਤ ਸਿਰ ਮਾਮਲਾ ਮਿਲਦਾ ਰਹੇ ਤਾਂ ਸਾਡੀ ਹਿਫ਼ਾਜ਼ਤ ਰਹਿੰਦੀ ਏ....ਨਹੀਂ ਤੇ ਇਹ ਸਕੇ ਤਾਂ ਕਿਸੇ ਦੇ ਵੀ ਨਹੀਂ।

*(ਮੁਰਲੀ ਅੰਦਰ ਆਉਂਦਾ ਹੈ)*

ਮੁਰਲੀ : ਸੇਠ ਜੀ, ਮੰਤਰੀ ਜੀ ਆਏ ਨੇ। ਤੁਹਾਡੇ ਦਫ਼ਤਰ 'ਚ ਬੈਠੇ ਨੇ।

ਸੇਠ : ਲੈ, ਇੱਕ ਹੋਰ ਆ ਗਿਆ ਈ! ਇਲੈਕਸ਼ਨ ਨੇੜੇ ਆਏ ਨੇ ਤੇ ਹੁਣ ਤੀਜੇ ਦਿਨ ਈ ਗੇੜਾ ਲਾਈ ਜਾਂਦੇ ਨੇ। ਅਖੇ: 'ਇਲੈਕਸ਼ਨ ਫੰਡ ਚਾਹੀਦਾ ਏ'।

ਮੁਰਲੀ : ਪਰ ਸੇਠ ਜੀ, ਜੇ ਤੁਸੀਂ ਅੱਜ 4 ਲੱਖ ਦਿੱਤਾ ਤਾਂ ਕੱਲ੍ਹ ਨੂੰ 40 ਬਣਾਓਗੇ ਵੀ। ਇਹ ਪੈਸੇ ਦਿੱਤੇ ਨਹੀਂ ਦੁਖਣੇ ਚਾਹੀਦੇ। ਮਰਜ਼ੀ ਨਾਲ ਰੇਟ ਵਧਾਉਂਦੇ ਹੋ, ਪਰ ਮਜ਼ਦੂਰੀ ਓਨੀ ਦੀ ਓਨੀ ਹੀ।

ਸੇਠ : ਇਸੇ ਕਰਕੇ ਤੇ ਇਹ ਏਡਾ ਵੱਡਾ ਕਾਰੋਬਾਰ ਬਣਾਈ ਬੈਠੇ ਆਂ। ਚੱਲ ਆ ਚੱਲੀਏ! ਕੋਈ ਸਾਡੇ ਲਈ ਸਪੈਸ਼ਲ ਇੰਤਜ਼ਾਮ ਕਰ।

ਮੁਰਲੀ : ਜੀ ਫਾਰਮ ਹਾਊਸ ਤੇ ਮੈਂ ਇੰਤਜ਼ਾਮ ਤੇ ਕਰਾ ਵੀ ਲਿਆ ਏ, ਨਾਲੇ ਗੁਲਾਬੋ ਨੂੰ ਵੀ ਫੋਨ ਕਰ ਦਿੱਤਾ ਏ।

ਸੇਠ : ਵਾਹ ਓਏ ਮੁਰਲੀ ਰਾਮਾ! ਮੁਰਲੀ ਪਹਿਲਾਂ ਈ ਵਜਾ ਛੱਡੀ ਓ...ਚੱਲ ਚੱਲੀਏ! *(ਜਾਂਦੇ ਹਨ)*

## ਦ੍ਰਿਸ਼ ਦੂਜਾ
## (ਰਾਮਦੀਨ ਦਾ ਘਰ)

*(ਰਾਮਦੀਨ ਦੀ ਪਤਨੀ ਆਪਣੀ ਗੋਦ ਵਿਚ ਮੋਇਆ ਬੱਚਾ ਲੈ ਕੇ ਬੈਠੀ ਹੈ, ਲਾਗੇ ਕੁਝ ਔਰਤਾਂ ਤੇ ਮਰਦ ਬੈਠੇ ਹਨ। ਰਾਮਦੀਨ ਆਉਂਦਾ ਹੈ। )*

ਰਾਮਦੀਨ : *(ਅੰਦਰ ਆਉਂਦਿਆਂ ਹੀ)* ਚੱਲ ਸੀਤਾ, ਛੇਤੀ ਕਰ, ਮੈਂ ਪੈਸੇ ਲੈ ਕੇ ਆਇਆਂ, ਆਪਾਂ ਹੁਣੇ ਈ ਡਾਕਟਰ ਤੋਂ ਮੁੰਨੇ ਲਈ ਦਵਾਈ ਲੈ ਕੇ ਆਉਂਦੇ ਹਾਂ! ਵੇਖੀਂ, ਇਹ ਛੇਤੀ...।

ਸੀਤਾ : ਛੀ...ਛੀ.... *(ਝੱਲਿਆਂ ਵਾਂਗ ਚੁੱਪ ਕਰਾਉਂਦੀ ਹੋਈ)* ਉੱਚੀ ਨਾ ਬੋਲੋ, ਮੁੰਨਾ ਜਾਗ ਪਵੇਗਾ। ਬੜੀ ਮੁਸ਼ਕਲ ਨਾਲ ਸੁੱਤਾ ਏ! ਸੌਂ ਜਾ...ਸੌਂ ਜਾ...!! *(ਥਾਪੜਦੀ ਹੈ)*

ਰਾਮਦੀਨ : ਸੀਤਾ, ਕੀ ਹੋਇਆ ਮੁੰਨੇ ਨੂੰ? ਦੱਸ, ਕੀ ਹੋਇਆ ਏ ਮੁੰਨੇ ਨੂੰ? ਬੋਲ... ਸੀਤਾ ਬੋਲ...!

ਇਕ ਆਦਮੀ : ਰਾਮਦੀਨ, ਤੇਰਾ ਮੁੰਨਾ ਰੱਬ ਨੂੰ ਪਿਆਰਾ ਹੋ ਗਿਆ ਏ। ਸੀਤਾ ਘਰ ਦਾ ਅਹੁੜ ਪਹੁੜ ਕਰਦੀ ਰਹੀ.... ਬੜੀ ਕੋਸ਼ਿਸ਼ ਕੀਤੀ ਵਿਚਾਰੀ ਨੇ!... ਪਰ ਮੁੰਨੇ ਨੂੰ ਬਚਾ ਨਹੀਂ ਸਕੀ। ਹੁਣ ਸੁਦਾਈਆਂ ਵਾਂਗ ਗੋਦੀ 'ਚ ਲਈ ਬੈਠੀ ਏ। ਕਿਸੇ ਨੂੰ ਹੱਥ ਨਹੀਂ ਲਾਉਣ ਦਿੰਦੀ। ਸਭ ਨੂੰ ਚੁੱਪ ਕਰਾਉਂਦੀ ਏ ਕਿ ਮੁੰਨਾ ਜਾਗ ਜਾਵੇਗਾ। ਤੂੰ ਹੀ ਕੁਝ ਕਰ, ਮੁੰਨੇ ਦੀਆਂ ਅੰਤਿਮ ਰਸਮਾਂ ਕਰੀਏ।

ਇੱਕ ਔਰਤ : ਬਈ ਰੱਬ ਦਾ ਭਾਣਾ ਏ! ਉਹਦੇ ਅੱਗੇ ਕੀਹਦਾ ਜ਼ੋਰ... ਹੁਣ ਤੇ ਰਾਮਦੀਨ ਹੌਂਸਲਾ ਕਰਕੇ ਉਹਦਾ ਭਾਣਾ ਮੰਨੋ...। (ਸੀਤਾ ਨੂੰ) ਸੀਤਾ ਉੱਠ...! ਤੇਰਾ ਮੁੰਨਾ ਹੁਣ ਨਹੀਂ ਰਿਹਾ...! ਉੱਠ... ਇਹਦੀਆਂ ਅੰਤਮ ਰਸਮਾਂ ਕਰੀਏ!

ਸੀਤਾ : ਛੀ...ਛੀਅ.. ਚੁੱਪ...! ਉੱਚੀ ਨਾ ਬੋਲ...! ਮੁੰਨਾ ਜਾਗ ਪਵੇਗਾ।

ਇੱਕ ਔਰਤ : ਨਹੀਂ ਸੀਤਾ, ਹੁਣ ਇਹਨੇ ਨਹੀਂ ਜਾਗਣਾ..?.। ਤੇਰਾ ਮੁੰਨਾ ਤੇ ਐਸੀ ਨੀਂਦ ਸੌਂ ਗਿਆ ਏ, ਜਿਸ ਨੀਂਦ 'ਚੋਂ ਕੋਈ ਨਹੀਂ ਉੱਠਦਾ...। ਤੇਰਾ ਮੁੰਨਾ ਮਰ ਗਿਆ ਏ....!!! ਉੱਠ...! ਤੇਰੇ ਮੁੰਨੇ ਨੇ ਹੁਣ ਨਹੀਂ ਉੱਠਣਾ...!

ਸੀਤਾ : ਚੁੱਪ... ਇਹੋ ਜਿਹੀਆਂ ਗੱਲਾਂ ਨਾ ਕਰ, ਹੁਣੇ ਈ ਵੇਖੀਂ ਉਹਨੇ ਉੱਠ ਕੇ ਰੋਣ ਲੱਗ ਪੈਣਾ... ਫਿਰ ਦੁੱਧ ਪੀ ਕੇ ਸੌਂ ਜਾਊਂ...!

ਰਾਮਦੀਨ : ਸੀਤਾ, ਤੂੰ ਸਮਝਦੀ ਕਿਉਂ ਨਹੀਂ? ਆਪਣਾ ਮੁੰਨਾ ਹੁਣ ਨਹੀਂ ਰਿਹਾ... ਉਹਨੇ ਮੁੜ ਨਹੀਂ ਜਾਗਣਾ...। ਵੇਖ, ਚੰਗੀ ਤਰ੍ਹਾਂ ਵੇਖ! ਇਹਦੀ ਨਬਜ਼ ਵੀ ਨਹੀਂ ਚਲਦੀ...ਨਾ ਹੀ ਦਿਲ ਧੜਕਦਾ ਏ। ਮੁੰਨਾ ਮਰ ਗਿਆ ਏ ਸੀਤਾ...! ਮੁੰਨਾ ਮਰ ਗਿਆ ਏ...!!!

ਸੀਤਾ : ਨਹੀਂ, ਮੇਰੇ ਮੁੰਨੇ ਨੂੰ ਕੁਝ ਨਹੀਂ ਹੋਇਆ...! *(ਮੁੰਨੇ ਨੂੰ)* ਉੱਠ ਮੇਰੇ ਲਾਲ...! ਉੱਠ... ਮੈਂ ਤੈਨੂੰ ਦੁੱਧ ਪਿਆਵਾਂ! ਉੱਠ...ਵੇਖ! ਤੇਰਾ ਡੈਡੀ ਆ ਗਿਆ ਈ!... ਉੱਠ ਕੇ ਉਹਦ ਕੁੱਛੜ ਚੜ੍ਹ....! ਚੱਲ, ਉੱਠ ਮੇਰਾ ਲਾਲ!....ਉੱਠ...ਉੱਠ!!!

ਰਾਮਦੀਨ : ਸੀਤਾ, ਮੁੰਨਾ ਹੁਣ ਨਹੀਂ ਰਿਹਾ...!

ਸੀਤਾ : *(ਲੰਮੀ ਚੀਕ)* ਨ...ਅ....ਅ....ਹੀ..ਹੀ..ਹੀ...!!! ਇਸ ਤਰ੍ਹਾਂ ਨਹੀਂ ਹੋ ਸਕਦਾ!....ਨਹੀਂ ਹੋ ਸਕਦਾ...! *(ਰਾਮਦੀਨ ਨੂੰ)* ਵੈਰੀਆ! ਇਸ ਸਭ ਕਾਸੇ ਦਾ ਜ਼ਿੰਮੇਵਾਰ ਤੂੰ ਏਂ! ਕਿਉਂ ਨਹੀਂ ਇਲਾਜ ਕਰਾ ਸਕਿਆ ਤੂੰ ਆਪਣੇ ਪੁੱਤ ਦਾ? ਦੱਸ ਕਿਉਂ ਨਹੀਂ ਕਰਾ ਸਕਿਆ ਤੂੰ ਇਲਾਜ....? ਬੋਲ....! ਅੱਜ ਤੂੰ ਆਪਣੇ ਹੱਥੀਂ ਪੁੱਤ ਗੁਆ ਲਿਆ ਈ ਵੈਰੀਆ!.... ਜੇ ਤੂੰ ਆਪਣੇ ਬਾਲ-ਬੱਚੇ ਵੀ ਨਹੀਂ ਬਚਾ ਸਕਦਾ ਤਾਂ ਕਿਉਂ ਕਰਦਾ ਏਂ ਇਹੋ ਜਿਹੀ ਨੌਕਰੀ? ਦੱਸ, ਕਿਉਂ ਕਰਦਾ ਏਂ ਐਸੀ ਨੌਕਰੀ? ਜੇ ਤੂੰ ਅੱਜ ਟਾਈਮ ਨਾਲ ਘਰ ਪਹੁੰਚ ਜਾਂਦਾ ਤਾਂ ਡਾਕਟਰ ਤੋਂ ਦਵਾਈ ਲੈ ਕੇ ਮੁੰਨੇ ਨੂੰ ਬਚਾ ਸਕਦੇ ਸਾਂ ਆਪਾਂ... ਸਭ ਤੇਰਾ ਕਸੂਰ ਏ! -ਤੇਰਾ ਕਸੂਰ ਏ! *(ਰੋਂਦੀ ਹੋਈ)*

ਰਾਮਦੀਨ : ਮੇਰਾ ਕਸੂਰ ਨਹੀਂ ਸੀਤਾ! ਕਸੂਰ ਇਸ ਨਿਜ਼ਾਮ ਦਾ ਏ ਜਿਹੜਾ ਅਮੀਰ ਨੂੰ ਹੋਰ ਅਮੀਰ ਤੇ ਗਰੀਬ ਨੂੰ ਹੋਰ ਗਰੀਬ ਕਰੀ ਜਾ ਰਿਹਾ ਏ...ਸਾਡੇ ਸਿਰਾਂ ਤੋਂ ਛੱਪਰ ਵੀ ਡਿੱਗ ਰਹੇ ਨੇ ਜਦ ਕਿ ਅਮੀਰਾਂ ਦੇ ਮਹਿਲ ਹੋਰ ਉੱਚੇ ਹੋ ਰਹੇ ਨੇ।

ਔਰਤ : ਹਾਂ, ਸੀਤਾ, ਇਹ ਕਸੂਰ ਰਾਮਦੀਨ ਦਾ ਨਹੀਂ ਸਗੋਂ ਸਮਾਜ ਦੇ ਵਰਤਾਰੇ ਦਾ ਏ।

ਸੀਤਾ : ਜੇ ਸਮਾਜ ਦੇ ਵਰਤਾਰੇ ਦਾ ਏ ਤਾਂ ਨਹੀਂ ਚਾਹੀਦਾ ਸਾਨੂੰ ਇਹੋ ਜਿਹਾ ਸਮਾਜ...! ਮੈਂ ਥੁੱਕਦੀ ਆਂ ਇਹੋ ਜਿਹੇ ਸਮਾਜ ਦੇ ਮੂੰਹ 'ਤੇ! ਇਹੋ ਜਿਹਾ ਸਮਾਜ ਬਦਲਣਾ ਚਾਹੀਦਾ ਏ!

ਔਰਤ : ਹਾਂ, ਮੇਰੀ ਭੈਣ! ਇਸ ਤਰ੍ਹਾਂ ਦਾ ਗਲਿਆ ਸੜਿਆ ਸਮਾਜ ਬਦਲਣਾ ਹੀ ਚਾਹੀਦਾ ਹੈ। ਇਹ ਤਾਂ ਹੀ ਸੰਭਵ ਹੈ ਜੇ ਆਪਾਂ ਇਕੱਠੇ ਹੋ ਕੇ ਇਹਨਾਂ ਮਹਿਲਾਂ ਵਾਲਿਆਂ ਤੇ ਇਹਨਾਂ ਦੇ ਸਿਰ ਤੇ ਹਕੂਮਤ ਕਰ ਰਹੇ ਹਾਕਮਾਂ ਦੇ ਖਿਲਾਫ਼ ਆਵਾਜ਼ ਬੁਲੰਦ ਕਰਾਂਗੇ!

ਆਦਮੀ : ਇਹ ਬਿਲਕੁਲ ਦਰੁਸਤ ਗੱਲ ਏ। ਅੱਜ ਤੋਂ ਕਈ ਸਾਲ ਪਹਿਲਾਂ ਅਮਰੀਕੀ ਜਰਵਾਣਿਆਂ ਦੇ ਖ਼ਿਲਾਫ਼ ਲੜਦਿਆਂ ਇਕ ਔਰਤ ਆਪਣੇ ਬੱਚੇ ਦੀ ਗੋਲੀਆਂ ਵਿੰਨ੍ਹੀ ਲਾਸ਼ ਲਈ ਆਪਣੇ ਸਾਥੀਆਂ ਸੰਗ ਸੜਕਾਂ ਤੇ ਨਿਕਲੀ ਸੀ। ਅੱਜ ਵੀ

ਉਹੀ ਪਹਿਲੀ ਮਈ ਦਾ ਦਿਨ ਏ ਤੇ ਅੱਜ ਵੀ ਇਕ ਮਾਂ ਅਪਣੇ ਮੋਏ ਪੁੱਤਰ ਨੂੰ ਗੋਦ 'ਚ ਚੁੱਕੀ ਖੜ੍ਹੀ ਏ! ਇਤਿਹਾਸ ਆਪਣੇ ਆਪ ਨੂੰ ਫਿਰ ਦੁਹਰਾਅ ਰਿਹਾ ਏ।

ਸੀਤਾ : ਮੈਂ ਨਿਕਲਾਂਗੀ ਸੜਕਾਂ ਤੇ ਇਹਨਾਂ ਪੂੰਜੀਪਤੀਆਂ ਨੂੰ ਚੌਰਾਹੇ ਵਿਚ ਨੰਗਾ ਕਰਨ ਲਈ! ਮੈਂ ਕਰਾਂਗੀ ਸੰਘਰਸ਼ ਆਪਣੇ ਸਾਥੀਆਂ ਸੰਗ। ਮੈਂ ਬਣਾਂਗੀ ਸਾਥੀ ਆਪਣੇ ਜੂਝ ਰਹੇ ਭੈਣਾਂ ਤੇ ਭਰਾਵਾਂ ਦੀ ਤੇ ਉਦੋਂ ਤੱਕ ਜੂਝਦੀ ਰਹਾਂਗੀ ਜਦ ਤੱਕ ਕਿਸੇ ਰਾਮਦੀਨ ਦਾ ਬੱਚਾ ਦਵਾਈ ਖੁਣੋਂ ਮਰਦਾ ਕਿਸੇ ਹਸਪਤਾਲ ਵਿਚ ਦਾਖ਼ਲ ਨਹੀਂ ਹੋ ਜਾਂਦਾ। ਜਦ ਤੱਕ ਮਜ਼ਦੂਰ ਦੀ ਕੰਗਾਲੀ ਦੀ ਜ਼ਿੰਦਗੀ ਖ਼ੁਸ਼ਹਾਲ ਨਹੀਂ ਹੋ ਜਾਂਦੀ।

ਰਾਮਦੀਨ : ਸੀਤਾ, ਜਦ ਤੂੰ ਮੇਰੇ ਨਾਲ ਏਂ, ਤਾਂ ਕੋਈ ਵੀ ਹੋਣੀ ਮੇਰਾ ਰਾਹ ਨਹੀਂ ਰੋਕ ਸਕਦੀ।

ਸੀਤਾ : ਹਰ ਹੋਣੀ ਨੂੰ ਖਿੜੇ ਮੱਥੇ ਝੱਲਣ ਲਈ ਮੈਂ ਤੁਹਾਡੇ ਨਾਲ ਹਾਂ। ਤੁਸੀਂ ਬਿਗਲ ਵਜਾਓ, ਸੰਘਰਸ਼ ਅਸੀਂ ਸਭ ਕਰਾਂਗੇ।

ਸਾਰੇ : ਹਾਂ... ਹਾਂ... ਅਸੀਂ ਸਭ ਸੰਘਰਸ਼ ਕਰਾਂਗੇ!

ਰਾਮਦੀਨ : ਠੀਕ ਏ, ਮੈਂ ਅੱਜ ਹੀ ਆਪਣੇ ਸਾਥੀਆਂ ਨੂੰ ਤੁਹਾਡੇ ਸਭ ਦੇ ਫ਼ੈਸਲੇ ਤੋਂ ਜਾਣੂੰ ਕਰਵਾਉਂਦਾ ਹਾਂ। ਇਸ ਨਿਜ਼ਾਮ ਨੂੰ ਨੀਂਹੋਂ ਪੁੱਟਣ ਦਾ ਸਮਾਂ ਹੁਣ ਦੂਰ ਨਹੀਂ ਰਿਹਾ।

ਆਦਮੀ : ਤੇ ਫਿਰ ਠੀਕ ਆ ਸਾਥੀਓ! ਆਪਾਂ ਸਭ ਰਲ ਕੇ ਆਪਣੀ ਰਣਨੀਤੀ ਤੈਅ ਕਰਦੇ ਹਾਂ। ਮੇਰੀ ਸਭ ਨੂੰ ਇਕ ਅਪੀਲ ਹੈ ਕਿ ਆਪਾਂ ਸੰਘਰਸ਼ ਬੜੇ ਜ਼ਾਬਤੇ 'ਚ ਰਹਿ ਕੇ ਸ਼ਾਂਤਮਈ ਢੰਗ ਨਾਲ ਕਰਨਾ ਹੈ। ਹਾਕਮਾਂ ਵੱਲੋਂ ਕਈ ਕਿਸਮ ਦੇ ਹੱਥ ਕੰਡੇ ਵਰਤ ਕੇ ਭੜਕਾਉਣ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ। ਗੁੰਡਿਆਂ ਤੇ ਪੁਲੀਸ ਦੀ ਮੱਦਦ ਨਾਲ ਧਮਕੀਆਂ ਦਿੱਤੀਆਂ ਜਾ ਸਕਦੀਆਂ ਨੇ; ਪਰ ਜਦ ਅਸੀਂ ਸਭ ਇਕੱਠੇ ਹਾਂ ਤਾਂ ਸਾਡਾ ਕੋਈ ਵੀ ਕੁਝ ਨਹੀਂ ਵਿਗਾੜ ਸਕਦਾ। ਆਪਾਂ ਸਾਰੇ ਇਕ ਜਲੂਸ ਦੀ ਸ਼ਕਲ ਵਿਚ ਮਿੱਲ-ਗੇਟ ਅੱਗੇ ਇਕੱਠੇ ਹੋਵਾਂਗੇ।

ਸੀਤਾ : *(ਨਾਅਰਾ ਲਗਾਉਂਦੀ ਹੋਈ)* ਇਸ ਜ਼ੋਰ ਜ਼ੁਲਮ ਦੀ ਟੱਕਰ ਵਿੱਚ...।

ਸਾਰੇ : ਸੰਘਰਸ਼ ਅਸਾਡਾ ਨਾਅਰਾ ਹੈ।

ਆਦਮੀ : ਦੁਨੀਆਂ ਭਰ ਦੇ ਮਿਹਨਤਕਸ਼ੋ!

ਸਾਰੇ : ਇੱਕ ਹੋ ਜਾਓ!

*(ਸਾਰੇ ਨਾਅਰੇ ਲਗਾਉਂਦੇ ਹੋਏ ਇਕ ਰੈਲੀ ਦੀ ਸ਼ਕਲ ਅਖ਼ਤਿਆਰ ਕਰ ਲੈਂਦੇ ਹਨ ਅਤੇ ਗੋਲ ਦਾਇਰੇ 'ਚ ਬੈਠਦੇ ਹਨ)*

## ਦ੍ਰਿਸ਼ ਤੀਜਾ

**(ਸੇਠ, ਮੁਰਲੀ ਤੇ ਤਖ਼ਤਾ ਸਿੰਘ)**

ਸੇਠ : ਓਏ ਮੁਰਲੀ! ਓਏ ਮੁਰਲੀ!!

ਮੁਰਲੀ : *(ਬਾਹਰੋਂ )* ਆਇਆ ਜੀ, ਆਇਆ।

ਸੇਠ : ਓਏ ਕਿਥੇ ਮਰ ਗਿਆ ਏ? *(ਮੁਰਲੀ ਆਉਂਦਾ ਹੈ)* ਓਏ, ਤੈਨੂੰ ਕਿੰਨੀ ਵਾਰੀ ਕਿਹਾ ਕਿ ਹਰ ਕੰਮ ਵਕਤ ਸਿਰ ਕਰਿਆ ਕਰ। ਓਏ ਤੈਨੂੰ ਥਾਣੇਦਾਰ ਨੂੰ ਬੁਲਾਉਣ ਘੱਲਿਆ ਸੀ, ਉਹ ਆਇਆ ਕਿ ਨਹੀਂ?

ਮੁਰਲੀ : ਥਾਣੇਦਾਰ ਨੂੰ ਮਾਰੋ ਗੋਲੀ! ਮੇਰੀ ਗੱਲ ਸੁਣੋ ਕੰਨ ਖੋਹਲ ਕੇ। ਆਪਣੀ ਮਿੱਲ ਵਿਚ ਸਭ ਅੱਛਾ ਨਹੀਂ ਚੱਲ ਰਿਹਾ। ਅੱਜ ਜਦੋਂ ਮੈਂ ਥਾਣੇਦਾਰ ਕੋਲ ਜਾਣ ਲਈ ਬਾਹਰ ਨਿਕਲਣ ਲੱਗਾ ਤਾਂ ਗੇਟ ਕੋਲ ਮਜ਼ਦੂਰਾਂ ਦੀ ਘੁਸਰ ਮੁਸਰ ਚੱਲ ਰਹੀ ਸੀ। ਸਹਿਜੇ ਸਹਿਜੇ ਇਕੱਠੇ ਹੋ ਰਹੇ ਸਨ।

ਸੇਠ : ਓਏ ਕੀ ਤਕਲੀਫ਼ ਹੋ ਗਈ ਏ, ਇਹਨਾਂ ਮਜ਼ਦੂਰਾਂ ਨੂੰ? ਸਭ ਕੁਝ ਠੀਕ ਠਾਕ ਤਾ ਚੱਲ ਰਿਹਾ ਸੀ।

ਮੁਰਲੀ : ਸਭ ਕੁਝ ਠੀਕ ਠਾਕ ਕਿੱਥੇ ਜੀ? ਜਿਹੜਾ ਆਪਾਂ ਰਾਮਦੀਨ ਨੂੰ ਨੌਕਰੀਓਂ ਕੱਢਿਆ ਏ, ਉਹਦਾ ਮਜ਼ਦੂਰਾਂ 'ਚ ਬੜਾ ਰੋਹ ਏ ਜੀ।

ਸੇਠ : ਫੇਰ ਤੂੰ ਕਿਹੜੀ ਮਰਜ਼ ਦੀ ਦਵਾ ਏਂ ਓਏ? ਤਖ਼ਤਾ ਸਿੰਘ ਕਿੱਥੇ ਹੈ, ਬੁਲਾ ਉਹਨੂੰ। (ਆਵਾਜ਼ ਮਾਰਦਾ ਹੈ) ਤਖ਼ਤਾ ਸਿੰਘ!

ਮੁਰਲੀ : ਓ ਤਖ਼ਤਾ ਸਿੰਘ!

ਤਖ਼ਤਾ ਸਿੰਘ : *(ਆਉਂਦਾ ਹੋਇਆ)* ਮਾਲਕੋ! ਕੀ ਗੱਲ ਹੋ ਗਈ? ਹੁਕਮ ਕਰੋ!

ਸੇਠ : ਓਏ ਤੈਨੂੰ ਇਸ ਕਰਕੇ ਪਾਲਿਆ ਏ ਬਈ ਤੇਰੇ ਕੋਲੋਂ ਮਜ਼ਦੂਰ ਵੀ ਨਹੀਂ ਸੰਭਾਲੇ ਜਾਂਦੇ? ਓਏ ਯੂਨੀਅਨ ਵਾਲੇ ਰੌਲਾ ਪਾਉਣ ਨੂੰ ਫਿਰਦੇ ਨੇ। ਦੋ'ਹ ਚਹੁੰ ਲੀਡਰਾਂ ਦੀ ਮਿੱਟੀ-ਮੁੱਟੀ ਝਾੜ ਜ਼ਰਾ, ਫੇਰ ਬਾਕੀ ਵੀ ਨਹੀਂ ਕੁਸਕਣਗੇ।

ਤਖ਼ਤਾ ਸਿੰਘ : ਤੁਸੀਂ ਭੋਰਾ ਫ਼ਿਕਰ ਨਾ ਕਰੋ ਮਾਲਕੋ! ਸਿਰ ਚੁੱਕਣ ਤੋਂ ਪਹਿਲਾਂ ਈ ਮਸਲ ਛੱਡੂੰ... ਤੁਸੀਂ ਨਿਸ਼ਚਿੰਤ ਹੋ ਜਾਓ।

*(ਬਾਹਰੋਂ ਨਾਅਰਿਆਂ ਦੀਆਂ ਆਵਾਜ਼ਾਂ ਆਉਂਦੀਆਂ ਹਨ। )*

ਆਵਾਜ਼ਾਂ : ਇਨਕਲਾਬ ਜ਼ਿੰਦਾਬਾਦ! ਪੂੰਜੀਪਤੀ ਹੋ ਬਰਬਾਦ!

: ਰਾਮਦੀਨ ਨੂੰ ਬਹਾਲ ਕਰੋ!

: ਮਈ ਦਿਵਸ ਦੀ ਛੁੱਟੀ ਕਰੋ!

: ਸਾਡੀਆਂ ਮੰਗਾਂ ਪੂਰੀਆਂ ਕਰੋ!

: ਦੁਨੀਆਂ ਭਰ ਦੇ ਮਿਹਨਤਕਸ਼ੋ! ਇੱਕ ਹੋ ਜਾਓ।

ਸੇਠ : *(ਘਬਰਾਇਆ ਹੋਇਆ)* ਓਏ ਮੁਰਲੀ! ਬਾਹਰ ਵੇਖ ਕਾਹਦੀ ਖੱਪ ਏ? ਬੈਠੇ ਬਿਠਾਇਆਂ ਮੁਸੀਬਤ ਪੈ ਗਈ ਲਗਦੀ ਏ।

ਮੁਰਲੀ : *(ਜਾ ਕੇ ਵੇਖਦਾ ਹੈ ਫਿਰ ਵਾਪਸ ਆਉਂਦਾ ਹੋਇਆ)* ਸੇਠ ਜੀ, ਮਜ਼ਦੂਰਾਂ ਦਾ ਇਕੱਠ ਏ। ਲੋਹਾ ਗਰਮ ਸੀ, ਯੂਨੀਅਨ ਵਾਲਿਆਂ ਮਾਰੀ ਸੱਟ ਏ।

ਸੇਠ : ਓਏ ਕੀ ਚਾਹੁੰਦੇ ਨੇ ਉਹ?

ਮੁਰਲੀ : ਉਹ ਕਹਿੰਦੇ ਨੇ ਰਾਮਦੀਨ ਨੂੰ ਬਹਾਲ ਕਰੋ, ਨਾਲੇ ਬਾਕੀ ਮੰਗਾਂ ਪੂਰੀਆਂ ਕਰੋ।

ਸੇਠ : ਜੇ ਉਹਨਾਂ ਦੀਆਂ ਮੰਗਾਂ ਮੰਨ ਲਈਆਂ ਤਾਂ ਆਪਣੀ ਹਾਰ ਹੋ ਜਾਊ... ਜੇ ਹਾਰ ਹੋ ਗਈ ਤਾਂ ਫਿਰ ਸਾਨੂੰ ਕੌਣ ਪੁੱਛੂ? ਤਖ਼ਤਾ ਸਿੰਘ, ਫੌਰਨ ਜਾ ਕੇ ਮਾਮਲਾ ਠੀਕ ਕਰ। *(ਤਖਤਾ ਸਿੰਘ ਜਾਂਦਾ ਹੈ।)*

*(ਸਾਰੇ ਮਜ਼ਦੂਰ ਇੱਕ ਰੈਲੀ ਦੀ ਸ਼ਕਲ ਵਿਚ ਗੋਲ ਦਾਇਰੇ ਵਿਚ ਦਾਖਿਲ ਹੁੰਦੇ ਹਨ। ਇੱਕ ਮਜ਼ਦੂਰ ਸੰਬੋਧਨ ਕਰਦਾ ਹੈ। ਸੇਠ, ਮੁਰਲੀ ਤੇ ਤਖ਼ਤਾ ਸਿੰਘ ਇੱਕ ਪਾਸੇ ਤੋਂ ਵੇਖ ਰਹੇ ਹਨ। ਇੱਕ ਮਜ਼ਦੂਰ ਆਗੂ ਸੰਬੋਧਨ ਕਰਦਾ ਹੈ)*

ਮਜ਼ਦੂਰ ਆਗੂ : ਸਾਥੀਓ, ਅੱਜ ਇਹਨਾਂ ਮਿੱਲ ਮਾਲਕਾਂ ਨੇ ਸਾਡੇ ਸਬਰ ਦੇ ਪਿਆਲੇ ਨੂੰ ਭਰ ਦਿੱਤਾ ਏ। ਰਾਮਦੀਨ ਜਿਹੇ ਮਿਹਨਤੀ ਤੇ ਹੁਨਰਮੰਦ ਕਾਮੇ ਨੂੰ ਨੌਕਰੀ ਤੋਂ ਕੱਢ ਕੇ ਇਹਨਾਂ ਨੇ ਚੰਗਾ ਨਹੀਂ ਕੀਤਾ। ਇੱਕ ਦਿਨ ਕੰਮ ਤੇ ਨਾ ਆਉਣ ਕਰਕੇ ਬਿਨਾਂ ਕਾਰਨ ਕਿਸੇ ਦੇ ਢਿੱਡ ਤੇ ਲੱਤ ਮਾਰਨੀ ਕਿੱਧਰ ਦਾ ਨਿਆਂ ਹੈ? ਘੱਟੋ ਘੱਟ ਨੌਕਰੀ ਤੇ ਨਾ ਆਉਣ ਦਾ ਕਾਰਨ ਤਾਂ ਪੁੱਛਿਆ ਹੁੰਦਾ। ਸਾਥੀਓ, ਰਾਮਦੀਨ ਨੂੰ ਬੱਚੇ ਦੇ ਇਲਾਜ ਲਈ 50 ਰੁਪਏ ਐਡਵਾਂਸ ਦਿੱਤੇ ਗਏ ਜਦ ਕਿ ਉਹ ਵਿਚਾਰਾ ਪਹਿਲਾਂ ਹੀ ਸਾਥੀਆਂ ਦੀ ਮਦਦ ਨਾਲ ਬੱਚੇ ਦੇ ਇਲਾਜ ਲਈ ਡਾਕਟਰਾਂ ਤੋਂ ਇਲਾਜ ਕਰਵਾਉਂਦਾ ਰਿਹਾ ਸੀ। ਪਰ ਉਸ ਦਿਨ ਬੱਚੇ ਨੇ ਤੜਪ ਤੜਪ ਕੇ ਆਪਣੀ ਮਾਂ ਦੀਆਂ ਬਾਹਵਾਂ ਵਿਚ ਦਮ ਤੋੜ ਦਿੱਤਾ। ਰਾਮਦੀਨ ਕੰਮ ਤੇ ਨਾ ਆ ਸਕਿਆ ਜਿਸ ਕਾਰਨ ਉਹਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ। ਅੱਜ ਦੀ ਰੈਲੀ ਦਾ ਮਕਸਦ ਹੋਰ ਮੰਗਾਂ ਦੇ

ਨਾਲ ਨਾਲ ਰਾਮਦੀਨ ਦੀ ਬਹਾਲੀ ਵੀ ਹੈ। (ਨਾਅਰਾ ਲਾਉਂਦਾ ਹੈ) ਰਾਮਦੀਨ ਨੂੰ ਬਹਾਲ ਕਰੋ! ਸਾਡੀਆਂ ਮੰਗਾਂ ਪੂਰੀਆਂ ਕਰੋ! *(ਬੈਠਦਾ ਹੈ। ਮਜ਼ਦੂਰ ਨੇਤਾ-2 ਉੱਠਦਾ ਹੈ)*

ਮਜ਼ਦੂਰ ਨੇਤਾ-2 : ਸਾਥੀਓ, ਸਾਨੂੰ ਬੜਾ ਲੰਮਾ ਅਰਸਾ ਹੋ ਗਿਆ ਹੈ ਸਭ ਕੁਝ ਸਹਿੰਦਿਆਂ। ਮੰਗਾਂ ਦਾ ਮਸਲਾ ਬੜੇ ਚਿਰ ਤੋਂ ਲਟਕ ਰਿਹਾ ਹੈ। ਅਸੀਂ ਖ਼ੁਦ ਭੁੱਖੇ ਰਹਿ ਕੇ ਮਿਹਨਤ ਕਰ ਕਰ ਕੇ ਇਹਨਾਂ ਦੀਆਂ ਤਿਜੌਰੀਆਂ ਭਰੀਆਂ ਪਰ ਸਾਨੂੰ ਸਾਡਾ ਬਣਦਾ ਮਿਹਨਤਾਨਾ ਪੂਰਾ ਨਾ ਮਿਲਿਆ। ਅੱਜ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਜੋ ਅੱਜ ਰਾਮਦੀਨ ਨਾਲ ਹੋਈ ਹੈ, ਉਹ ਕੱਲ ਨੂੰ ਸਾਡੇ ਨਾਲ ਵੀ ਹੋ ਸਕਦੀ ਏ। ਸਾਰੇ ਸੰਸਾਰ ਵਿਚ ਮਈ ਦਿਵਸ ਤੇ ਛੁੱਟੀ ਹੁੰਦੀ ਏ; ਪਰ ਸਾਨੂੰ ਉਹ ਵੀ ਨਹੀਂ ਹੁੰਦੀ। ਸਮੇਂ ਸਿਰ ਤਨਖਾਹ, ਬੋਨਸ, ਛੁੱਟੀਆਂ, ਵਰਦੀ ਬੜਾ ਕੁਝ ਹੈ ਜਿਸ ਤੋਂ ਅਸੀਂ ਵਾਂਝੇ ਹਾਂ। ਮਜ਼ਦੂਰਾਂ ਲਈ ਮੁਫ਼ਤ ਡਾਕਟਰੀ ਸਹੂਲਤ ਈ.ਐਸ.ਆਈ. ਦੀ ਹੈ ਜੋ ਕਿ ਜਾਣ ਬੁੱਝ ਕੇ ਸਾਨੂੰ ਨਹੀਂ ਮਿਲਦੀ ਤੇ ਸਾਡੇ ਬੱਚੇ ਰੁਲ ਰੁਲ ਕੇ ਇਲਾਜ ਖੁਣੋਂ ਮਰਦੇ ਨੇ। ਸੋ ਜਦ ਤੱਕ ਸਾਡੀਆਂ ਮੰਗਾਂ ਪੂਰੀਆਂ ਨਹੀਂ ਹੁੰਦੀਆਂ, ਅਸੀਂ ਹੜਤਾਲ ਦਾ ਐਲਾਨ ਕਰਦੇ ਹਾਂ।

ਸੇਠ : *(ਤਖ਼ਤਾ ਸਿੰਘ ਨੂੰ)* ਓਏ ਤਖ਼ਤਾ ਸਿੰਹਾਂ, ਹੁਣ ਕੀ ਵੇਖਦੇ ਓ ਤੁਸੀਂ ? ਤੁਹਾਡੇ ਤੋਂ ਇਹ ਮਜ਼ਦੂਰ ਵੀ ਨਹੀਂ ਸਾਂਭੇ ਜਾਂਦੇ? ਵਿਛਾ ਦਿਓ ਧਰਤੀ ਤੇ ਸਾਰੇ।

ਤਖਤਾ ਸਿੰਘ : ਮਾਲਕੋ! ਤੁਸੀਂ ਫ਼ਿਕਰ ਕਿਹੜੀ ਗੱਲ ਦੀ ਕਰਦੇ ਹੋ! ਹੁਣੇ ਵੇਖੋ... ਸਾਡੇ ਹੱਥ! ਚੱਲ ਮੁਰਲੀ! *(ਤਖ਼ਤਾ ਸਿੰਘ ਡੰਡਾ ਫੜਕੇ ਮਜ਼ਦੂਰਾਂ ਨੂੰ ਮਾਰਦਾ ਹੈ; ਨਾਲ ਮੁਰਲੀ ਵੀ ਉਸੇ ਤਰ੍ਹਾਂ ਕਰਦਾ ਹੈ। ਸਭ ਡਿਗਦੇ ਹਨ। ਤਖ਼ਤਾ ਸਿੰਘ ਉੱਚੀ ਉੱਚੀ ਹੱਸਦਾ ਹੈ।)*

ਤਖ਼ਤਾ ਸਿੰਘ : ਹਾ... ਹਾ.... ਹਾ.... ਹਾ...ਅ..! ਵੇਖਿਆ ਮਾਲਕੋ! ਕਰ'ਤੇ ਨਾ ਸਾਰੇ ਸਿੱਧੇ? ਹੁਣ ਕੋਈ ਸਿਰ ਚੁੱਕ ਕੇ ਵਿਖਾਵੇ ਖਾਂ?

*(ਇੰਨੇ ਵਿਚ ਹੌਲੀ ਹੌਲੀ ਸੀਤਾ ਲਾਲ ਝੰਡਾ ਲੈ ਕੇ ਉੱਠਦੀ ਹੈ। ਉਹਦੀ ਕੁੱਛੜ ਮੋਇਆ ਬੱਚਾ ਚੁੱਕਿਆ ਹੋਇਆ ਹੈ। ਝੰਡਾ ਚੁੱਕ ਕੇ ਨਾਅਰਾ ਲਗਾਉਂਦੀ ਹੈ। ਬਾਕੀ ਸਭ ਉੱਠ ਕੇ ਸੰਘਰਸ਼ ਦੀ ਮੁਦਰਾ ਵਿਚ ਮੁੱਕੇ ਵੱਟ ਕੇ ਨਾਅਰੇ ਲਗਾਉਂਦੇ ਹਨ। ਸੇਠ, ਮੁਰਲੀ ਤੇ ਤਖ਼ਤਾ ਸਿੰਘ ਡਰ ਕੇ ਨੱਸਣ ਦੀ ਮੁਦਰਾ ਵਿਚ ਹਨ। ਸਾਰੇ ਫ਼ਰੀਜ਼ ਹੁੰਦੇ ਹਨ। )*

*(ਪਿੱਛੋਂ ਮਜ਼ਦੂਰਾਂ ਦਾ ਗੀਤ ਚਲਦਾ ਹੈ। )*

**-ਸਮਾਪਤ-**

# ਜਦੋਂ ਜਾਗੋ ਉਦੋਂ ਸਵੇਰਾ

ਪਾਤਰ:

1. ਭਾਨਾ
2. ਪੂਰੋ
3. ਮਾਸਟਰ
4. ਲੰਬੜ
5. ਪੰਚ
6. ਰੌਣੀ
7. ਅਮਲੀ

# ਜਦੋਂ ਜਾਗੋ ਉਦੋਂ ਸਵੇਰਾ

## (ਝਾਕੀ ਪਹਿਲੀ)

(ਮੰਚ ਤੇ ਰੌਸ਼ਨੀ ਹੋਣ ਤੇ ਸੱਥ ਵਿਚ ਬੈਠੇ ਅਮਲੀ, ਭਾਨਾ, ਲੰਬੜ ਤੇ ਮਾਸਟਰ ਗੱਲਾਂ ਕਰਦੇ ਦਿਖਾਈ ਦਿੰਦੇ ਹਨ।)

ਭਾਨਾ : ਮਾਸਟਰ ਜੀ, ਹੱਦ ਹੋ ਗਈ ਏ ਮਹਿੰਗਾਈ ਵਾਲੀ ਵੀ! ਧਰਮ ਨਾਲ ਹੁਣ ਤੇ ਚਾਹ ਦਾ ਕੱਪ ਵੀ ਤਿੰਨ ਰੁਪਈਆਂ ਦਾ ਹੋ ਗਿਆ। ਆਦਮੀ ਲਈ ਦੋ ਵੇਲਿਆਂ ਦੀ ਰੋਟੀ ਦਾ ਆਹਰ ਕਰਨਾ ਈ ਔਖਾ ਹੋਇਆ ਪਿਐ।

ਲੰਬੜ: : ਆਹਰ ਕਿੱਦਾਂ ਹੋਵੇ? ਕੰਮ ਤੇ ਕਿਤੇ ਮਿਲਦਾ ਈ ਨਹੀਂ। ਪਾੜ੍ਹਾ ਦੱਸਦਾ ਸੀ ਬਈ ਆਪਣੇ ਮੁਲਕ ਵਿਚ ਬੇਰੁਜ਼ਗਾਰਾਂ ਦੀ ਫ਼ੌਜ ਵਧਦੀ ਜਾ ਰਹੀ ਏ ਦਿਨੋ ਦਿਨ।

ਮਾਸਟਰ : ਲੰਬੜਦਾਰ ਜੀ, ਸੋਚਣ ਦੀ ਗੱਲ ਤਾਂ ਇਹ ਹੈ ਕਿ ਇਸ ਸਮੱਸਿਆ ਤੋਂ ਛੁਟਕਾਰਾ ਕਿਵੇਂ ਪਾਇਆ ਜਾਵੇ? ਅਜੇ ਤੇ ਪ੍ਰਾਈਵੇਟਾਈਜੇਸ਼ਨ ਵੱਲ ਨੂੰ ਜਿਹੜੇ ਕਦਮ ਪੁੱਟੇ ਜਾ ਰਹੇ ਨੇ, ਉਹਦੇ ਨਾਲ ਹੋਰ ਵੀ ਕੰਮ ਦੇ ਮੌਕੇ ਘੱਟਣਗੇ। ਪ੍ਰਾਈਵੇਟ ਕੰਪਨੀਆਂ ਦਾ ਮੁਨਾਫ਼ਾ ਵਧੇਗਾ ਅਤੇ ਕਰਮਚਾਰੀਆਂ ਦੇ ਸਿਰ ਤੇ ਹਰ ਵੇਲੇ ਛਾਂਟੀ ਦੀ ਤਲਵਾਰ ਵੀ ਲਟਕਦੀ ਰਹੇਗੀ।

ਭਾਨਾ : ਗੱਲ ਤੇ ਤੁਹਾਡੀ ਠੀਕ ਏ ਮਾਸਟਰ ਜੀ, ਪਰ ਸਭ ਤੋਂ ਪਹਿਲਾਂ ਤੇ ਕੰਮ ਮਿਲਣ ਦੀ ਗੱਲ ਏ ਕਿ ਕਿੰਨਾ ਮਿਲਦਾ ਏ ਤੇ ਕਿਹੋ ਜਿਹਾ ਮਿਲਦਾ ਏ! ਜੇ ਕੰਮ ਮਿਲੂ ਹੀ ਨਾ ਤਾਂ ਬੰਦਾ ਖਾਊ ਕੀ?

(ਅਮਲੀ ਆਉਂਦਾ ਹੈ। )

ਅਮਲੀ : *(ਆਉਂਦਾ ਹੋਇਆ)* ਤੇ ਬੰਦਾ ਪੀਊ ਕੀ? ਬਹੁਤ ਬੁਰਾ ਹਾਲ ਈ ਭਰਾਵਾ! ਹੁਣ ਤੇ ਚਾਹ ਵੀ ਦਿਹਾੜੀ 'ਚ ਛੇ ਵਾਰੀ ਦੀ ਜਗ੍ਹਾ ਤਿੰਨ ਵਾਰੀ ਪੀਵੀਦੀ ਏ!

ਲੰਬੜ : ਤੈਨੂੰ ਤੇ ਅਮਲੀਆ ਹਰ ਵੇਲੇ ਚਾਹ ਪੀਣ ਦੇ ਈ ਸੁਪਨੇ ਆਉਂਦੇ ਰਹਿੰਦੇ ਨੇ।

ਭਾਨਾ : ਤੇ ਹੋਰ ਕੀ ? ਫੇਰ ਪੀ ਕੇ ਦੋ ਕੁ ਡੋਡਿਆਂ ਦੇ ਗਿਲਾਸ ਤੇ ਖਾ ਕੇ ਅਫ਼ੀਮ ਦੀ ਗੋਲੀ ਮਿਰਜ਼ਾ ਗਾਉਂਦਾ ਫਿਰੂ!

ਅਮਲੀ : ਨਾ ਹੋਰ ਕੀ ਗਾਉਣਾ ਓਏ? ਇੱਕੋ ਇੱਕ ਤੇ ਸ਼ੇਰ ਆਸ਼ਕ ਹੋਇਆ ਜਿਹੜਾ ਹਿੱਕ ਦੇ ਜ਼ੋਰ ਮਸੂਕ ਨੂੰ ਲੈ ਗਿਆ ਸੀ, ਬਾਕੀ ਸਾਰੇ ਆਸ਼ਿਕ ਤੇ ਗੀਦੀ ਰੋਂਦੇ ਈ ਰਹੇ ਸਨ। ਐਵੇਂ ਲੇਹਲੜੀਆਂ ਲੈਂਦੇ ਰਹੇ।

ਲੰਬੜ : ਚੱਲ ਛੱਡ ਅਮਲੀਆ, ਹੁਣ ਤੂੰ ਆਸ਼ਕਾਂ ਦੀਆਂ ਗੱਲਾਂ ਨੂੰ! ਕੋਈ ਹੋਰ ਗੱਲ ਕਰਦੇ ਆਂ।

ਅਮਲੀ : ਓ ਪਹਿਲਾਂ ਮੇਰੀ ਗੱਲ ਤੇ ਮੁੱਕ ਲੈਣ ਦੇ। ਬਈ ਗੱਲ ਕਰਦੇ ਪਏ ਸਾਂ ਆਸ਼ਕਾਂ ਦੀ। ਅੱਜ ਕਲ੍ਹ ਆਸ਼ਕੀ ਬੜੇ ਜ਼ੋਰਾਂ 'ਤੇ ਆ। ਮੁੰਡੇ ਖੁੰਡਿਆਂ ਦੀ ਗੱਲ ਛੱਡੋ ਵੱਡੀ ਵੱਡੀ ਉਮਰ ਦੇ ਬਾਬੇ ਵੀ ਆਪਣੀ ਪੋਤਰੀ ਦੀ ਉਮਰ ਦੀਆਂ ਕੁੜੀਆਂ ਨੂੰ ਹੱਥ ਪਾਉਂਦੇ ਸ਼ਰਮ ਨਹੀਂ ਕਰਦੇ।

ਮਾਸਟਰ : ਅਮਲੀ ਦੀ ਗੱਲ ਵਿਚ ਵਾਕਿਆ ਈ ਦਮ ਹੈ ਬਈ। ਰੋਜ਼ ਅਖ਼ਬਾਰਾਂ ਵਿਚ ਬਲਾਤਕਾਰ ਤੇ ਔਰਤਾਂ ਦੇ ਜਿਸਮਾਨੀ ਸੋਸ਼ਣ ਦੀਆਂ ਖ਼ਬਰਾਂ ਛਪਦੀਆਂ ਨੇ। ਕੁਝ ਲੋਕ ਇੰਨੇ ਗਰਕ ਚੁੱਕੇ ਨੇ ਕਿ ਇਖਲਾਕ ਨਾਂ ਦੀ ਚੀਜ਼ ਉਹਨਾਂ ਵਿਚ ਹੈ ਈ ਨਹੀਂ। ਹੋਰ ਤਾਂ ਹੋਰ ਰਾਜਨੀਤਕ ਲੋਕ ਵੀ ਇਸ ਕੰਮ ਵਿਚ ਕਿਸੇ ਤੋਂ ਪਿੱਛੇ ਨਹੀਂ।

ਅਮਲੀ : ਆਹੋ ਮਾਸਟਰ ਜੀ, ਪਿੱਛੇ ਜਿਹੇ ਯੂ.ਪੀ. ਦਾ ਇਕ ਮੰਤਰੀ ਵੀ ਇੱਕ ਕਵਿਤਾ ਲਿਖਣ ਵਾਲੀ ਕਵੀ ਨੂੰ ਮਾਰਨ ਦੇ ਕੇਸ ਵਿਚ ਕਹਿੰਦੇ ਕਾਬੂ ਆ ਗਿਆ।

ਭਾਨਾ : ਓਏ ਅਮਲੀਆ, ਕਵਿਤਾ ਲਿਖਣ ਵਾਲੀ ਔਰਤ ਕਵੀ ਨਹੀਂ ਕਵਿੱਤ੍ਰੀ ਹੁੰਦੀ ਏ ਤੇ ਕਵਿਤਾ ਲਿਖਣ ਵਾਲਾ ਆਦਮੀ ਕਵੀ ਹੁੰਦਾ।

ਅਮਲੀ : ਚਲੋ ਜੋ ਵੀ ਹੁੰਦਾ ਏ, ਕਵੀ ਸਾਹਿਬ! ਵਿਚਾਰੀ ਨੂੰ ਕੁੱਖ 'ਚ ਪਲਦੇ ਬੱਚੇ ਸਮੇਤ ਗੱਡੀ ਚਾੜ੍ਹ ਦਿੱਤਾ।

ਮਾਸਟਰ : ਇਹੀ ਤਾਂ ਸਾਡੇ ਮੁਲਕ ਦੀ ਬਦਕਿਸਮਤੀ ਏ, ਜਿਹੜਾ ਦਿਨੋ-ਦਿਨ ਰਾਜਨੀਤੀ ਵਿਚ ਨਿਘਾਰ ਆ ਰਿਹੈ। ਲੋਕਾਂ ਨੂੰ ਸੋਚ ਸਮਝ ਕੇ ਉੱਚ-ਇਖ਼ਲਾਕ ਦੇ ਲੋਕਾਂ ਨੂੰ ਚੁਣਨਾ ਚਾਹੀਦਾ ਹੈ।

ਲੰਬੜ : ਗੱਲ ਤਾਂ ਤੁਹਾਡੀ ਠੀਕ ਏ ਮਾਸਟਰ ਜੀ, ਪਰ ਲੋਕ ਉਹਨਾਂ ਦਾ ਕੀ ਕਰਨ ਜਿਹੜੇ ਬਾਹਰ ਦੇ ਮੁਲਕਾਂ ਤੋਂ ਸੱਤਰ ਸੱਤਰ ਸਾਲ ਦੇ ਆ ਕੇ ਸੋਲ੍ਹਾਂ-ਸਤਾਰਾਂ ਸਾਲਾਂ ਦੀਆਂ ਕੁੜੀਆਂ ਨਾਲ ਵਿਆਹ ਕਰਵਾ ਕੇ ਲੈ ਜਾਂਦੇ ਨੇ।

ਮਾਸਟਰ : ਇਸ ਸਮੱਸਿਆ ਬਾਰੇ ਵੀ ਲੋਕਾਂ ਨੂੰ ਚੇਤੰਨ ਹੋਣ ਦੀ ਲੋੜ ਹੈ। ਸਾਡੇ ਲੋਕਾਂ ਵਿਚ ਵਿਦੇਸ਼ਾਂ ਵਿਚ ਵੱਸਣ ਦੀ ਜੋ ਹੋੜ ਲੱਗੀ ਏ, ਇਹ ਸਾਰਾ ਕੁਝ ਇਸੇ ਦਾ ਹੀ ਨਤੀਜਾ ਏ। ਕਈ ਵਾਰ ਤੇ ਆਪਣੀ ਪਰਿਵਾਰਕ ਹਾਲਤ ਸੁਧਾਰਨ ਲਈ ਲੜਕੀਆਂ ਸਾਰੇ ਟੱਬਰ ਨੂੰ ਵਿਦੇਸ਼ ਵਿਚ ਸੈੱਟ ਕਰਨ ਲਈ ਆਪਣੀ ਕੁਰਬਾਨੀ ਦੇ ਜਾਂਦੀਆਂ ਨੇ। ਕਈ ਕੇਸਾਂ ਵਿਚ ਤਾਂ ਬਹੁਤ ਸਾਰੇ ਧੋਖੇ ਹੋ ਜਾਂਦੇ ਨੇ। ਲੋਕੀਂ ਚਾਰ ਚਾਰ ਵਿਆਹ ਕਰਵਾ ਕੇ ਕੁਝ ਕੁੜੀਆਂ ਦਾ ਸ਼ੋਸਣ ਕਰਕੇ ਇੱਥੇ ਰੁਲਣ ਲਈ ਸੁੱਟ ਜਾਂਦੇ ਨੇ। ਕੁੜੀਆਂ ਵਿਚਾਰੀਆਂ ਦੇ ਬੱਚੇ ਵੀ ਹੋ ਜਾਂਦੇ ਨੇ, ਜਵਾਨ ਵੀ ਹੋ ਜਾਂਦੇ ਨੇ, ਪਰ ਫਿਰ ਵੀ ਉਹਨਾਂ ਨੂੰ ਵਿਦੇਸ਼ ਜਾਣਾ ਨਸੀਬ ਨਹੀਂ ਹੁੰਦਾ।

ਲੰਬੜ : ਆਹੋ ਮਾਸਟਰ ਜੀ, ਪਾੜ੍ਹਾ ਦੱਸਦਾ ਸੀ ਕਿ ਕਈ ਹਜ਼ਾਰ ਕੁੜੀਆਂ ਵਿਦੇਸ਼ੀ ਲਾੜਿਆਂ ਤੋਂ ਪੀੜ੍ਹਤ ਇੱਥੇ ਬੈਠੀਆਂ ਨੇ। ਕਈ ਕੇਸ ਤਾਂ ਗ਼ੈਰ-ਸਰਕਾਰੀ ਸੰਸਥਾਵਾਂ ਨੇ ਹੱਲ ਵੀ ਕੀਤੇ ਨੇ।

ਅਮਲੀ : ਕੀਤੇ ਨੇ ਕਿ ! ਪਿਛਲੇ ਹਫ਼ਤੇ ਮੈਂ ਉੱਚੇ ਪਿੰਡੋਂ ਡੋਡੇ ਲੈਣ ਗਿਆ ਸਾਂ, ਉਥੇ ਇਕ ਕਵੀਸ਼ਰ ਟੈਪ ਬੰਦਾ ਆਇਆ ਸੀ, ਕਹਿੰਦੇ-ਪਹਿਲਾਂ ਕਵੀਸ਼ਰੀ ਕਰਦਾ ਰਿਹਾ ਤੇ ਹੁਣ ਅੱਜਕਲ੍ਹ ਵੱਡਾ ਲੀਡਰ ਏ! ਉਹਨੇ ਇਹਨਾਂ ਕੁੜੀਆਂ ਨੂੰ ਲੱਭ ਲੱਭ ਕੇ ਅਖ਼ਬਾਰਾਂ 'ਚ ਖ਼ਬਰਾਂ ਲਵਾਈਆਂ ਤੇ ਕਈਆਂ ਦੇ ਘਰ ਵਸਾਏ ਨੇ।

ਮਾਸਟਰ : ਸਾਨੂੰ ਸਭ ਨੂੰ ਅਜਿਹੇ ਯਤਨ ਕਰਨੇ ਚਾਹੀਦੇ ਨੇ।

ਅਮਲੀ : ਬਈ ਹੋਰ ਤੇ ਹੋਰ ਉਹ ਭਾਸ਼ਨ ਬੜਾ ਵਧੀਆ ਕਰਦਾ ਸੀ! ਮੈਨੂੰ ਤੇ ਲੱਗਾ ਕਿ ਉਹ ਵੀ ਮੇਰੇ ਵਾਂਗ ਕਾਲੀ ਮਾਈ ਖਾਂਦਾ ਹੋਊ!

ਭਾਨਾ : ਬਿੱਲੀ ਨੂੰ ਚੂਹਿਆਂ ਦੇ ਸੁਪਨੇ! ਅਮਲੀਆ, ਤੂੰ ਆਪ ਪੂਰਾ ਗੁੱਟ ਹੋਵੇਂਗਾ, ਤਾਂਹੀ ਤੈਨੂੰ ਦੂਜੇ ਵੀ ਆਪਣੇ ਵਰਗੇ ਲੱਗਦੇ ਨੇ। ਇੱਕ ਤੇ ਇਹਨਾਂ ਨਸ਼ੇ-ਪੱਤਿਆਂ ਨੇ ਈ ਆਪਣੇ ਪੰਜਾਬ ਦਾ ਬੇੜਾ ਗਰਕ ਕਰ ਛੱਡਣਾ ਏ!

ਲੰਬੜ : ਬਹੁਤ ਸਾਰੇ ਨੌਜਵਾਨ ਇਹਨਾਂ ਨਸ਼ਿਆਂ ਨਾਲ ਆਪਣੀ ਜਵਾਨੀ ਨੂੰ ਅੰਵਾਈਂ ਗੁਆ ਰਹੇ ਨੇ। ਹਰ ਪਿੰਡ 'ਚ ਤੁਹਾਨੂੰ ਨਸ਼ਿਆਂ 'ਚ ਗਲਤਾਨ ਨੌਜਵਾਨ ਮਿਲ ਜਾਣਗੇ।

ਅਮਲੀ : ਨਾ ਨਸ਼ੇ ਤੁਹਾਨੂੰ ਵੱਢਦੇ ਨੇ? ਜੇ ਭੋਰਾ ਖਾ ਕੇ ਅਗਲਾ ਸਵਰਗ ਦੇ ਚਾਰ ਝੂਟੇ ਲੈ ਲਊ ਤਾਂ ਤੁਹਾਡਾ ਕੁਝ ਜਾਂਦਾ ਏ?

ਮਾਸਟਰ : ਅਮਲੀਆ, ਇਹਨਾਂ ਚਾਰ ਕੁ ਝੂਟਿਆਂ ਪਿੱਛੇ ਈ ਬੰਦਾ ਆਪਣਾ ਸਾਰਾ ਕੁਝ ਬਰਬਾਦ ਕਰ ਬਹਿੰਦਾ ਏ।

ਭਾਨਾ : ਆਹੋ ਮਾਸਟਰ ਜੀ, ਤੁਸੀਂ ਅਮਲੀ ਵੱਲ ਈ ਵੇਖ ਲਓ। ਕੜੀ ਵਰਗਾ ਸਰੀਰ ਹੁੰਦਾ ਸੀ ਇਹਦਾ। ਸ਼ਰੀਕਾਂ ਨੇ ਐਸੀ ਅਫ਼ੀਮ ਦੀ 'ਲੱਤ ਲਾਈ ਕਿ ਥੋੜ੍ਹੀ ਥੋੜ੍ਹੀ ਕਰਕੇ ਸਾਰੀ ਜ਼ਮੀਨ ਈ ਲਿਖਾ ਲਈ ਇਹਦੇ ਤੋਂ। ਨਾ ਵਿਆਹ ਹੋਇਆ ਨਾ ਕੁਝ ਹੋਰ।

ਅਮਲੀ : ਵਿਆਹ ਕਰਵਾ ਕੇ ਕੀ ਕਰਨਾ ਉਏ? ਵਿਆਹ ਵਾਲੇ ਕਿਤੇ ਬੜੇ ਸੁਖੀ ਨੇ, ਬਹੁਤਿਆਂ ਦੀਆਂ ਜਤੂਟਨੀਆਂ ਜ਼ਨਾਨੀਆਂ ਦੇ ਹੱਥਾਂ 'ਚ ਹੁੰਦੀਆਂ ਨੇ। ਬਾਹਰ ਬੜੇ ਸਾਊ ਬਣਦੇ ਫਿਰਨਗੇ! ਘਰੇ ਰੋਜ਼ ਜੁਤ-ਪਤਾਣ ਹੁੰਦਾ ਏ! ਜੇ ਨਹੀਂ 'ਤਬਾਰ ਤਾਂ (ਭਾਨੇ ਵੱਲ) ਇਹਦੀ ਪਗੜੀ ਲਵ੍ਹਾ ਕੇ ਵੇਖ ਲਓ ਬਈ ਹੈ ਕੋਈ ਵਾਲ ਸਬੂਤਾ!

ਮਾਸਟਰ : ਬਈ ਆਪਾਂ ਗੱਲ ਨਿਸ਼ਿਆਂ ਦੀ ਕਰਦੇ ਪਏ ਸਾਂ। ਮੈਂ ਅਖ਼ਬਾਰ ਤੋਂ ਪੜ੍ਹਿਆ ਸੀ ਕਿ ਸ਼ਹਿਰ ਵਿਚ ਕਾਲਜਾਂ ਦੇ ਨੇੜੇ ਬਹੁਤ ਸਾਰੀਆਂ ਦੁਕਾਨਾਂ ਤੇ ਨਸ਼ੇ ਦੀਆਂ ਦਵਾਈਆਂ ਵਿਕਦੀਆਂ ਨੇ। ਨਸ਼ੇ ਦੇ ਕੈਪਸੂਲ, ਗੋਲੀਆਂ, ਟੀਕੇ, ਖੰਘ ਦੀ ਪੀਣ ਵਾਲੀ ਦਵਾਈ ਵਰਤੀ ਜਾਂਦੀ ਏ। ਦਰਦ ਵਾਲੀ ਥਾਂ ਤੇ ਮਲਣ ਵਾਲੀ ਆਇਓਡੈਕਸ ਬ੍ਰੈਂਡ ਦੇ ਪੀਸਾਂ 'ਚ ਲਾ ਕੇ ਖਾ ਲੈਂਦੇ ਨੇ। ਹੋਰ ਤੇ ਹੋਰ ਕਿਰਲੀ ਦੀ ਪੂਛ ਨੂੰ ਸਾੜ ਕੇ ਸਿਗਰਟਾਂ 'ਚ ਪਾ ਕੇ ਫੂਕਦੇ ਨੇ।

ਅਮਲੀ : ਇਕ ਗੱਲ ਆ ਮਾਸਟਰ ਜੀ, ਕਿਰਲੀ ਦੀ ਪੂਛ ਫੂਕਣ ਨਾਲ 'ਕੇਰਾਂ ਤਾਂ ਨਜ਼ਾਰਾ ਆ ਜਾਂਦਾ ਹੋਊ?

ਮਾਸਟਰ : ਅਮਲੀਆ, ਘੜੀ ਪਲ ਦੇ ਨਸ਼ੇ ਕਰਕੇ ਜੋ ਸਮਾਜ 'ਚ ਹੋਰ ਅਪਰਾਧ ਫੈਲ ਰਹੇ ਨੇ, ਉਹਨਾਂ ਬਾਰੇ ਸੋਚ ਕੇ ਮਨ ਖ਼ਰਾਬ ਹੋ ਜਾਂਦਾ ਏ। ਨਸ਼ਿਆਂ ਦੇ ਅਮਲ ਖ਼ਾਤਿਰ ਸਮਾਜ 'ਚ ਚੋਰੀ, ਡਕੈਤੀ, ਕਤਲ ਆਦਿ ਦੀਆਂ ਵਾਰਦਾਤਾਂ ਦਿਨੋ ਦਿਨ ਵਧ ਰਹੀਆਂ ਨੇ।

ਲੰਬੜ : ਮਾਸਟਰ ਜੀ, ਬਹੁਤੇ ਨੌਜਵਾਨ ਤਾਂ ਪੜ੍ਹ-ਲਿਖ ਕੇ ਬੇਰੁਜ਼ਗਾਰ ਤੁਰੇ ਫਿਰਦੇ ਨੇ। ਕਿਤੇ ਵੀ ਕੰਮ ਨਾ ਮਿਲਣ ਤੇ ਨਿਰਾਸ਼ ਹੋ ਕੇ ਨਸ਼ਿਆਂ 'ਚ ਪੈ ਜਾਂਦੇ ਨੇ। ਫਿਰ ਸਮਾਜ 'ਚ ਅਫ਼ਰਾ-ਤਫ਼ਰੀ ਤੇ ਫੈਲਣੀ ਹੀ ਹੋਈ।

ਭਾਨਾ : ਭਲਾ ਗੌਰਮਿੰਟ ਨਹੀਂ ਸੋਚਦੀ ਇਹਦੇ ਬਾਰੇ ਕੁਝ?

ਲੰਬੜ : ਉਹਨਾਂ ਨੂੰ ਤੇ ਆਪਣੀ ਕੁਰਸੀ ਬਚਾਉਣ ਤੋਂ ਈ ਵਿਹਲ ਨਹੀਂ ਮਿਲਦੀ!... ਉਥੋਂ ਵਿਹਲੇ ਹੋਣ ਤਾਂ ਈ ਕੁਝ ਸੋਚਣ ਨਾ ਲੋਕਾਂ ਬਾਰੇ! ਹਰ ਵੇਲੇ ਕੁਰਸੀ ਨਾਲ ਚਿਪਕ ਕੇ ਬੈਠੇ ਰਹਿੰਦੇ ਨੇ ਬਈ ਜੇ ਉੱਠ ਪਏ ਤਾਂ ਕੋਈ ਹੋਰ ਨਾ ਬਹਿ ਜਾਵੇ। ਇਹਨਾਂ ਨੂੰ ਗੱਲਾਂ ਕਰਦਿਆਂ ਨੂੰ ਵੇਖੋ ਕਿਤੇ! ਹਰ ਵੇਲੇ ਆਪਣੇ ਵਿਰੋਧੀਆਂ ਨੂੰ ਪਾਣੀ ਪੀ ਪੀ ਕੇ ਗਾਲਾਂ ਕੱਢਣਗੇ। ਇਹ ਨਹੀਂ ਸੋਚਣਾ ਬਈ ਆਮ ਆਦਮੀ ਦੇ ਸਿਰ ਕਰਜ਼ੇ ਦੀ ਪੰਡ ਵੱਡੀ ਹੁੰਦੀ ਜਾਂਦੀ ਏ।

ਮਾਸਟਰ : ਉਹਨਾਂ ਨੂੰ ਇਸ ਬਾਰੇ ਸੋਚਣ ਦੀ ਲੋੜ ਹੀ ਨਹੀਂ ਪੈਂਦੀ। ਪੰਜ ਸਾਲ ਬਾਅਦ ਆ ਜਾਂਦੇ ਨੇ, ਨਵੇਂ ਲਾਰਿਆਂ ਤੇ ਨਾਅਰਿਆਂ ਨਾਲ ਬਈ ਐਤਕੀਂ ਵੋਟਾਂ ਪਾ ਦਿਓ, ਫੇਰ ਕਰ ਦਿਆਂਗੇ ਸਾਰੇ ਦੁੱਖ ਦੂਰ...!

ਅਮਲੀ : ਬਈ ਵੋਟਾਂ ਵੇਲੇ 'ਕੇਰਾਂ ਤੇ ਦੁੱਖ ਦੂਰ ਕਰ ਦਿੰਦੇ ਨੇ! ਡੋਡੇ ਜਿੰਨੇ ਮਰਜ਼ੀ ਪੀਓ, ਅਫ਼ੀਮ ਜਿੰਨੀ ਚਾਹੀਦੀ ਹੋਵੇ ਲਵੋ, ਸ਼ਰਾਬ 'ਚ ਭਾਵੇਂ ਨਹਾ ਲਵੋ। ਹਰ ਚੀਜ਼ ਵਾਧੂ ਕਿ! ਪੈਸੇ ਵੀ ਵੋਟਾਂ ਦੇ ਨਕਦੋ-ਨਕਦ। ਮੈਂ ਤੇ ਕਹਿੰਨਾਂ ਇਹ ਵੋਟਾਂ ਹਰ ਮਹੀਨੇ ਪੈਣੀਆਂ ਚਾਹੀਦੀਆਂ ਨੇ।

ਮਾਸਟਰ : ਅਮਲੀਆ, ਲੋਕਾਂ ਦੀਆਂ ਇਨ੍ਹਾਂ ਆਦਤਾਂ ਕਰਕੇ ਹੀ ਹਾਕਮ ਮਨ-ਆਈਆਂ ਕਰਦੇ ਨੇ। ਉਹਨਾਂ ਨੂੰ ਪਤਾ ਏ ਕਿ ਨਸ਼ੇ ਤੇ ਪੈਸੇ ਨਾਲ ਖਰੀਦੇ ਹੋਏ ਵੋਟਰ ਉਹਨਾਂ ਅੱਗੇ ਬੋਲ ਨਹੀਂ ਸਕਦੇ ਤੇ ਵਕਾਊ ਚੀਜ਼ ਨੂੰ ਇਲੈਕਸ਼ਨਾਂ ਵੇਲੇ ਫੇਰ ਖਰੀਦ ਲੈਣਾ ਏ।

ਭਾਨਾ : ਪਰ ਮਾਸਟਰ ਜੀ, ਇਸ ਸਭ ਕਾਸੇ ਦਾ ਕੋਈ ਹੱਲ ਤਾਂ ਹੋਣਾ ਚਾਹੀਦਾ ਏ।

ਅਮਲੀ : ਓਏ ਇਥੇ ਸੱਠ ਸਾਲ ਹੋ ਚਲੇ ਨੇ ਮੁਲਖ ਆਜ਼ਾਦ ਹੋਇਆਂ, ਅਜੇ ਤੱਕ ਕਸ਼ਮੀਰ ਮਸਲਾ ਹੱਲ ਨਹੀਂ ਹੋਇਆ, ਹੋਰ ਹੱਲ ਕੀ ਹੋਊ? ਹੋਰ ਕਈ ਪੰਜਾਬ ਮਸਲੇ ਵਿੱਚੇ ਹੀ ਦੱਬੇ ਗਏ। ਕੱਲ੍ਹ ਕਾਮਰੇਡ ਭਾਸ਼ਨ ਝਾੜਦਾ ਸੀ ਬਈ ਇਹਦਾ ਹੱਲ ਤੀਸਰਾ ਬਦਲ ਹੈ। ਅਖੇ ਰਵਾਇਤੀ ਪਾਰਟੀਆਂ ਨੂੰ ਛੱਡ ਕੇ ਸਾਨੂੰ ਮੌਕਾ ਦਿਓ। ਮੈਂ ਕਿਹਾ ਬਈ ਤੁਸੀਂ ਲੋਕਾਂ ਨੂੰ ਤੇ ਕਹਿੰਦੇ ਓ, ਬਈ 'ਇਕ ਹੋ ਜਾਓ' ਤੇ ਆਪ ਸੈਂਕੜੇ ਗਰੁੱਪਾਂ 'ਚ ਵੰਡੇ ਹੋ। ਤੁਹਾਨੂੰ ਵੋਟਾਂ ਪਾ ਕੇ ਲੋਕਾਂ ਭੁੱਖੇ ਮਰਨਾ ਏ? *(ਬਾਹਰੋਂ ਪੰਚ ਆਉਂਦਾ ਹੈ।)*

ਪੰਚ : ਅਮਲੀਆ, ਜੇ ਸੰਜੀਦਗੀ ਨਾਲ ਯਤਨ ਕੀਤੇ ਜਾਣ ਤਾਂ ਹਰ ਮਸਲੇ ਦਾ ਹੱਲ ਹੋ ਸਕਦੈ, ਬੱਸ ਸੋਚ ਇਮਾਨਦਾਰਾਨਾ ਹੋਣੀ ਚਾਹੀਦੀ ਏ।

ਲੰਬੜ : ਆ ਜਾ, ਬਹਿਜਾ ਪੰਚਾ, ਸੁਣਾ ਕੋਈ ਨਵੀਂ ਤਾਜ਼ੀ ਪਿੰਡ ਦੀ? ਕਿੱਥੋਂ ਆ ਰਿਹੈਂ? ਖੇਤੋਂ ਕਿ ਮੰਡੀਓਂ?

ਪੰਚ : ਆਉਣਾ ਕਿਥੋਂ ਆ, ਮੈਂ ਤੇ ਸੂਬੇਦਾਰ ਬੰਤਾ ਸਿਉਂ ਦੇ ਘਰ ਜਾ ਕੇ ਆਇਆਂ। ਬੜੀ ਮਾੜੀ ਹੋਈ ਏ ਬਈ ਉਹਨਾਂ ਨਾਲ ਵੀ।

ਭਾਨਾ : ਕਿਉਂ ਕੀ ਹੋਇਆ ਬੰਤਾ ਸਿੰਘ ਨੂੰ?

ਪੰਚ : ਕਲ੍ਹ ਉਹਦੇ ਮੁੰਡੇ ਗਿੰਦਰ ਸਿਉਂ ਨੇ ਨਵਾਂ ਕੂਲਰ ਲਿਆਂਦਾ ਸੀ ਸ਼ਹਿਰੋਂ। ਉਹਦੀ ਘਰ ਵਾਲੀ ਕਿਤੇ ਫ਼ਰਸ਼ਾਂ 'ਤੇ ਪੋਚਾ ਲਾਉਂਦੀ ਲਾਉਂਦੀ ਨੇੜੇ ਚਲੀ ਗਈ। ਬੱਸ, ਮਾੜਾ ਜਿਹਾ ਹੱਥ ਲੱਗਾ ਤੇ ਵਿਚਾਰੀ ਕਰੰਟ ਨਾਲ ਥਾਂ 'ਤੇ ਹੀ ਢੇਰੀ ਹੋ ਗਈ। ਹਸਪਤਾਲ ਲੈ ਕੇ ਗਏ ਤਾਂ ਡਾਕਟਰਾਂ ਨੇ ਦੱਸਿਆ ਬਈ ਉਹ ਵਿਚਾਰੀ ਤਾਂ ਘੰਟਾ ਪਹਿਲੋਂ ਹੀ ਚੱਲ ਵਸੀ ਸੀ। ਬਈ ਬੜਾ ਮਾੜਾ ਕੰਮ ਹੋਇਆ। ਛੋਟੇ ਛੋਟੇ ਦੋ ਜੁਆਕ ਨੇ ਵਿਚਾਰੇ ਦੇ!

ਮਾਸਟਰ : ਇਹੋ ਤੇ ਆਪਣੇ ਲੋਕਾਂ ਦੀ ਨਾ-ਸਮਝੀ ਏ। ਪਹਿਲਾਂ ਟੈਸਟ ਕਰਕੇ ਚੀਜ਼ਾਂ ਨਹੀਂ ਲੈਂਦੇ। ਖ਼ੈਰ...ਜਿਹੜਾ ਭਾਣਾ ਵਾਪਰਨਾ ਸੀ, ਉਹ ਤੇ ਵਾਪਰ ਗਿਆ। ਹੁਣ ਉਹਨਾਂ ਨੂੰ ਚਾਹੀਦਾ ਏ ਕਿ ਸ਼ਹਿਰ ਖਪਤਕਾਰ ਫੋਰਮ 'ਚ ਕੇਸ ਕਰਕੇ ਦੁਕਾਨਦਾਰ ਨੂੰ ਸਬਕ ਸਿਖਾਓ।

ਪੰਚ : ਮਾਸਟਰ ਜੀ, ਸੁਣਿਆ ਤੇ ਮੈਂ ਵੀ ਸੀ ਪਰ ਕੋਈ ਪੂਰੀ ਜਾਣਕਾਰੀ ਨਹੀਂ ਏ ਮੇਰੇ ਕੋਲ, ਇਹਦੇ ਬਾਰੇ ਕੁਝ ਹੋ ਸਕਦੈ?

ਮਾਸਟਰ : ਹਾਂ ਜ਼ਰੂਰ ਹੋ ਸਕਦਾ ਏ। ਇਥੇ ਹੀ ਤੇ ਅਸੀਂ ਲੋਕ ਮਾਰ ਖਾਂਦੇ ਹਾਂ ਜਿਸ ਕਰਕੇ ਸਾਡਾ ਬਹੁਤ ਸਾਰਾ ਨੁਕਸਾਨ ਹੋ ਜਾਂਦਾ ਏ।

ਅਮਲੀ : ਐਵੇਂ ਢਕਵੰਜ ਨੇ ਮਾਸਟਰ ਜੀ, ਹੁਣ ਕਿਹੜਾ ਅਗਲਿਆਂ ਦੀ ਬਹੂ ਮੁੜ ਆਊ?

ਭਾਨਾ : ਬਹੂ ਤਾਂ ਨਹੀਂ ਮੁੜ ਸਕਦੀ ਪਰ ਦੁਕਾਨਦਾਰ ਨੂੰ ਸਬਕ ਤਾਂ ਆਊ, ਅੱਗੇ ਤੋਂ ਕਿਸੇ ਨੂੰ ਮਾੜੀ ਚੀਜ਼ ਨਾ ਵੇਚੂ, ਨਾਲੇ ਮਰਨ ਵਾਲੇ ਦੇ ਵਾਰਸਾਂ ਨੂੰ ਮੁਆਵਜ਼ਾ ਵੀ ਦੇਣਾ ਪਊ।

ਮਾਸਟਰ : ਹਾਂ, ਪਰ ਸਭ ਤੋਂ ਪਹਿਲਾਂ ਪੁਲੀਸ ਨੂੰ ਸੂਚਿਤ ਕਰਨਾ ਚਾਹੀਦਾ ਏ।

ਅਮਲੀ : ਓਏ ਐਵੇਂ ਨਾ ਕਿਤੇ ਪੁਲੀਸ ਵਾਲਿਆਂ ਦੇ ਅੜਿੱਕੇ ਚੜ੍ਹ ਜਾਇਓ। ਉਹ ਬੜੀ ਬੁਰੀ ਕਰਦੇ ਜੇ, ਜੇ ਕਿਤੇ ਫੜ ਲੈਣ ਤਾਂ।

ਲੰਬੜ : ਓਏ ਐਵੇਂ ਨਾ ਜੱਭ੍ਹਲੀਆਂ ਮਾਰੀ ਜਾ ਅਮਲੀਆ, ਕਦੇ ਤੇ ਕੰਮ ਦੀ ਗੱਲ ਕਰ ਲਿਆ ਕਰ।

ਅਮਲੀ : ਤੇ ਲੰਬੜਾ ਤੂੰ ਕਰ ਲੈ ਜਿਹੜਾ ਪਸ਼ੌਰ ਦਾ ਕਿਲਾ ਫਤੇ ਕਰਨਾ ਈ!

ਲੰਬੜ : ਅਮਲੀਆ, ਇਹ ਵੇਲਾ ਇਨ੍ਹਾਂ ਗੱਲਾਂ ਦਾ ਨਹੀਂ। ਸਾਨੂੰ ਸਾਰਿਆਂ ਨੂੰ ਰਲ ਕੇ ਸੂਬੇਦਾਰ ਦੀ ਮਦਦ ਕਰਨੀ ਚਾਹੀਦੀ ਏ।

ਅਮਲੀ : ਤੂੰ ਰਹਿਣ ਦੇ ਮਦਦ ਮੁਦਦ, ਉਹ ਬੜਾ ਨੇਕ ਬੰਦਾ ਏ ਨਾ ਗਿੰਦਰ? ਜਿੰਨਾ ਸੂਬੇਦਾਰ ਸਾਊ ਬੰਦਾ ਏ, ਓਨਾ ਈ ਉਹਦਾ ਮੁੰਡਾ ਕੁੱਤਾ ਬੰਦਾ ਏ! ਵੱਡਾ ਇੱਕ ਨੰਬਰ ਦਾ ਬਲੈਕੀਆ ਏ ਉਹ। ਜੇ ਦੋ ਨੰਬਰ ਦੇ ਪੈਸੇ ਕਮਾਓਗੇ, ਤਾਂ ਏਦਾਂ ਈ ਨਿਕਲਣੇ ਨੇ!

ਭਾਨਾ : ਨਹੀਂ ਬਈ, ਗੱਲ ਇਹ ਨਹੀਂ ਸਗੋਂ ਗੱਲ ਇਨਸਾਫ਼ ਲੈਣ ਦੀ ਆ। ਜੇ ਤੁਸੀਂ ਹੁਣ ਆਵਾਜ਼ ਉਠਾਓਗੇ, ਤਾਂ ਹੀ ਅੱਗੇ ਤੋਂ ਦੂਜਿਆਂ ਨਾਲ ਇਸ ਤਰ੍ਹਾਂ ਹੋਣੋਂ ਬੰਦ ਹੋ ਸਕਦਾ ਏ।

ਮਾਸਟਰ : ਇਹ ਸਭ ਕੁਝ ਉਦੋਂ ਤੱਕ ਚੱਲਦਾ ਈ ਰਹਿਣਾ ਏ, ਜਦੋਂ ਤੱਕ ਲੋਕ ਇਕ ਸਾਫ਼ ਸੁਥਰੇ ਸਮਾਜ ਦੀ ਸਿਰਜਨਾ ਕਰਨ ਲਈ ਇਕੱਠੇ ਨਹੀਂ ਹੁੰਦੇ।

ਅਮਲੀ : ਤੁਸੀਂ ਜੋ ਮਰਜ਼ੀ ਆ ਆਖੀ ਜਾਓ। ਪਰ ਇਕ ਗੱਲ ਜ਼ਰੂਰ ਆ ਕਿ ਜਿਹੜਾ ਵੀ ਕੁਰਸੀ ਤੇ ਬਹਿੰਦਾ ਏ, ਉਹ ਆਪਣੇ ਆਪ ਨੂੰ ਜੁਆਈ ਸਮਝਣ ਲੱਗ ਪੈਂਦਾ ਏ। ਤੇ ਤੁਹਾਨੂੰ ਪਤਾ ਈ ਆ ਬਈ ਜੁਆਈ ਕਦੇ ਵੀ ਤੁਹਾਡਾ ਭਲਾ ਚਾਹੁਣ ਵਾਲਾ ਨਹੀਂ ਹੁੰਦਾ। ਉਹਨਾਂ ਨੂੰ ਕੀ? ਲੋਕ ਮਰਨ ਭਾਵੇਂ ਜੀਣ, ਜੁਆਈ ਘੋਲ ਪਤਾਸੇ ਪੀਣ।

ਭਾਨਾ : ਤੈਨੂੰ ਕੀ ਪਤਾ ਓਏ ਜੁਆਈਆਂ ਦਾ, ਨਾ ਤੇਰੀ ਰੰਨ ਨਾ ਕੰਨ।

ਅਮਲੀ : ਰੰਨ ਕੰਨ ਤੇ ਸਾਡੀ ਹੈ ਨਹੀਂ, ਪਰ ਰੰਨਾਂ ਕੰਨਾਂ ਵਾਲਿਆਂ ਦੇ ਛਿੱਤਰ ਪਤਾਣ ਹੁੰਦੇ ਜ਼ਰੂਰ ਆਪਣੀ ਅੱਖੀਂ ਵੇਖੀਦੇ ਨੇ। ਨਾਲੇ ਮੈਂ ਜੁਆਈ ਬਣਨਾ ਵੀ ਨਹੀਂ ਚਾਹੁੰਦਾ। ਜੇ ਕਿਤੇ ਮੈਂ ਬਣ ਜਾਵਾਂ ਨਾ ਤਾਂ ਇੱਕ ਵਾਰੀ ਤੇ ਸਿੱਧੇ ਕਰ ਦਿਆਂ ਸਾਰਿਆਂ ਨੂੰ।

ਮਾਸਟਰ : ਅਮਲੀਆ, ਹੁਣ ਉਹ ਗੱਲਾਂ ਨਹੀਂ ਰਹਿਣੀਆਂ। ਹੁਣ ਉਹ ਦਿਨ ਦੂਰ ਨਹੀਂ ਜਦੋਂ ਲੋਕ ਆਪਣੇ ਦੋਸਤ ਤੇ ਦੁਸ਼ਮਣ ਦੀ ਪਛਾਣ ਕਰ ਲੈਣਗੇ। ਕੁਝ ਐਸੇ ਲੋਕ ਨੇ, ਜਿਹੜੇ ਚਾਹੁੰਦੇ ਨੇ ਕਿ ਲੋਕਾਂ ਨੂੰ ਸਿਰਫ਼ ਸੁਣਨ ਦੀ ਆਦਤ ਹੀ ਪਈ ਰਹੇ, ਸੋਚਣ ਦੀ ਨਹੀਂ। ਸੋਚਣ ਨਾਲ ਲੋਕ ਆਗਿਆਕਾਰੀ ਨਹੀਂ ਰਹਿੰਦੇ। ਕਹਿੰਦੇ ਨੇ ਕੋਈ ਵੀ ਕੰਮ ਰਿਸ਼ਵਤ ਤੋਂ ਬਿਨਾਂ ਇਸ ਲਈ ਨਹੀਂ ਹੁੰਦਾ ਕਿ ਜੇ ਬਿਨਾਂ ਰਿਸ਼ਵਤ ਕੰਮ ਹੋਣ ਲੱਗ ਪਿਆ ਤਾਂ ਲੋਕ ਸਰਕਾਰੀ ਅਹੁਦਿਆਂ ਦੀ ਇੱਜ਼ਤ ਕਰਨੀ ਭੁੱਲ ਜਾਣਗੇ। ਅਮਰੀਕਾ ਵਰਗੇ ਮੁਲਕ ਲੋਕਾਂ ਨੂੰ ਹਥਿਆਰ ਵੇਚ ਰਹੇ ਨੇ ਬਈ ਲੜੋ ਤੇ ਮਰੋ। ਧਰਮ ਦੇ ਨਾਂ ਤੇ ਥਾਂ ਥਾਂ ਫ਼ਸਾਦ ਕਰਵਾਏ ਜਾਂਦੇ ਨੇ। ਇੱਕ ਧਰਮ ਦੇ ਲੋਕਾਂ ਨੂੰ ਦੂਜਿਆਂ ਖ਼ਿਲਾਫ਼ ਭੜਕਾਇਆ ਜਾਂਦਾ ਏ। ਧਰਮ ਦੇ ਨਾਂ ਤੇ ਜਿੰਨੇ ਲੋਕ ਸਾਡੇ ਮੁਲਕ ਵਿਚ ਮਰਦੇ ਨੇ, ਓਨੇ ਸ਼ਾਇਦ ਜੰਗ ਵਿਚ ਵੀ ਨਹੀਂ ਮਰਦੇ।

ਅਮਲੀ : ਮਾਸਟਰ ਜੀ, ਮਰਨ-ਮਰਾਉਣ ਦੀਆਂ ਗੱਲਾਂ ਨਾ ਕਰੋ। ਚਾਰ ਦਿਨ ਖਾ-ਪੀ ਕੇ ਨਜ਼ਾਰਾ ਲੈਣਾ ਚਾਹੀਦਾ ਏ।

ਪੰਚ : ਤੈਨੂੰ ਤੇ ਹਰ ਵੇਲੇ ਨਸ਼ੇ-ਪੱਤੇ ਈ ਸੁੱਝਦੇ ਰਹਿੰਦੇ ਨੇ, ਬਈ ਕਦੋਂ ਅਫ਼ੀਮ ਦਾ ਗੋਲਾ ਮਿਲੇ ਤੇ ਖਾਵੇਂ। ਪਰਸੋਂ ਨਾਲ ਦੇ ਪਿੰਡ ਇੱਕ ਤੇਰੇ ਵਰਗਾ ਅਮਲੀ ਅਫ਼ੀਮ ਜ਼ਿਆਦਾ ਖਾਣ ਕਰਕੇ ਮਰ ਗਿਆ।

ਅਮਲੀ : ਪੰਚਾ, ਮਰ ਭਾਵੇਂ ਗਿਆ। ਕੇਰਾਂ ਤੇ ਗੱਡਿਆਂ ਦੇ ਗੱਡੇ ਨਸ਼ਾ ਲੈ ਗਿਆ ਨਾ।

ਭਾਨਾ : ਬੱਸ ਇਹਨਾਂ ਨਸ਼ੇ ਦਿਆਂ ਗੱਡਿਆਂ ਨੇ ਈ ਸਾਡਾ ਭੱਠਾ ਬਿਠਾ ਦੇਣਾ। ਰੋਜ਼ ਖਿੜਚੀ ਖਾਨਿਆਂ ਦੀ ਪੱਤੀ 'ਚ ਡੋਡਿਆਂ ਦਾ ਜਹਾਜ਼ ਉਤਰਦਾ ਏ।

ਅਮਲੀ : ਓ ਤੁਹਾਡਾ ਭਲਾ ਹੋ-ਜੇ! ਮੈਨੂੰ ਤੇ ਚੇਤਾ ਈ ਭੁੱਲ ਗਿਆ ਸੀ ਕਿ ਜਹਾਜ਼ ਉਤਰਨ ਦਾ ਵੇਲਾ ਹੋ ਗਿਆ ਏ। ਮੈਂ ਹੁਣੇ ਆਇਆ ਤੁਸੀਂ ਜਾਇਓ ਨਾ...ਚੰਗਾ! *(ਜਾਂਦਾ ਹੈ)*

ਲੰਬੜ : ਬਈ ਮੇਰਾ ਖ਼ਿਆਲ ਏ ਆਪਾਂ ਨੂੰ ਵੀ ਸੂਬੇਦਾਰ ਦੀ ਨੂੰਹ ਦੇ ਕੇਸ ਬਾਰੇ ਕੁਝ ਕਰਨਾ ਚਾਹੀਦਾ ਏ।

ਮਾਸਟਰ : ਸਭ ਤੋਂ ਪਹਿਲਾਂ ਤੇ ਭਾਨਿਆ, ਤੂੰ ਚੌਂਕੀਦਾਰ ਵੱਲ ਜਾਹ। ਉਹਨੂੰ ਕਹੀਂ ਕਿ ਥਾਣੇ ਇਤਲਾਹ ਕਰਕੇ ਆਵੇ। ਨਾਲੇ ਸਰਪੰਚ ਨੂੰ ਸੱਦ ਲਿਆਵੀਂ। ਅਸੀਂ ਸਾਰੇ ਸੂਬੇਦਾਰ ਦੇ ਘਰ ਹੀ ਹੋਵਾਂਗੇ।

*(ਸਾਰੇ ਜਾਂਦੇ ਹਨ।)*

*(ਫੇਡ ਆਊਟ)*

## ਝਾਕੀ ਦੂਜੀ

*(ਰੋਸ਼ਨੀ ਹੋਣ ਤੇ ਭਾਨਾ ਤੇ ਉਹਦੀ ਘਰਵਾਲੀ ਸਟੇਜ 'ਤੇ ਆਉਂਦੇ ਹਨ)*

ਪੂਰੋ : ਨਾ ਤੂੰ ਬੜਾ ਭਾਸ਼ਨ ਝਾੜਦਾ ਫਿਰਦੈਂ ਅੱਜਕਲ੍ਹ ਲੀਡਰਾਂ ਵਾਂਗ, ਜੇ ਬਹੁਤਾ ਸ਼ੌਂਕ ਚੜ੍ਹਿਆ ਤਾਂ ਵੋਟਾਂ 'ਚ ਖੜ੍ਹਾ ਹੋ ਜਾ।

ਭਾਨਾ : ਤੂੰ ਤੇ ਧਰਮ ਨਾਲ ਹਰ ਵੇਲੇ ਮੇਰੇ ਸਿਰ ਦੇ ਵਾਲਾਂ ਨੂੰ ਆਉਨੀ ਏ। ਕਦੇ ਤਾਂ ਚੱਜ ਨਾਲ ਬੋਲ ਲਿਆ ਕਰ।

ਪੂਰੋ : ਨਾ ਹੁਣ ਮੈਂ ਕੁਚੱਜੀ ਹੋ ਗਈ! ਰੱਬ ਦਿਆ ਬੰਦਿਆ, ਸਾਰੀ ਉਮਰ ਮੈਂ ਮਰਦੀ ਰਹੀ ਤੇਰਾ ਘਰ ਬਣਾਉਂਦੀ, ਰਹਿ-ਰਹਾ ਕੇ ਤੂੰ ਮੈਨੂੰ ਇਹ ਸਿਲਾ ਦਿੱਤਾ ਏ?

ਭਾਨਾ : ਲੈ ਹੋ ਗਈ ਏ ਸ਼ੁਰੂ ਹੁਣ...ਪੂਰੀ ਕਲਾਣ ਪੜ੍ਹ ਕੇ ਹੱਟੂ।

ਪੂਰੋ : ਮੈਂ ਕਲਾਣ ਪੜ੍ਹਦੀ ਆਂ ਤੇ ਤੂੰ ਕੀਰਤਨ ਕਰਦਾ ਏਂ ਮਹਾਰਾਜ ਦਾ?

ਭਾਨਾ : *(ਹੱਥ ਜੋੜਦਾ ਹੋਇਆ)* ਆਹ ਵੇਖ ਮੇਰੇ ਤੋਂ ਹੱਥ ਜੁੜਵਾ ਲੈ, ਪਰ ਰੱਬ ਦਾ ਵਾਸਤਾ ਈ ਚੁੱਪ ਕਰ ਜਾਹ, ਅੱਗੇ ਈ ਬੜੇ ਦੁਖੀ ਆਏ ਆਂ ਸ਼ਹਿਰੋਂ।

ਪੂਰੋ : ਆਪ ਤੇ ਸ਼ਹਿਰ 'ਚ ਸੈਰਾਂ ਕਰਦਾ ਰਹਿਨਾਂ। ਘਰ ਦੇ ਕੰਮ ਲਈ ਮੈਂ ਈ ਰਹਿ ਗਈ ਆਂ? ਜੇ ਇੰਨਾ ਈ ਚਾਅ ਏ ਸ਼ਹਿਰ ਘੁੰਮਣ ਦਾ, ਤਾਂ ਡੰਗਰਾਂ ਨੂੰ ਵੇਚ ਦੇ ਤੇ ਸਾਨੂੰ ਛੱਡ ਆ ਗੁਰਦੁਆਰੇ ਸਾਰੇ ਜੀਆਂ ਨੂੰ।

ਭਾਨਾ : ਕਦੇ ਤੇ ਸਿੱਧਾ ਸੋਚ ਲਿਆ ਕਰ ਪੁੱਠੀ ਮੱਤ ਵਾਲੀਏ! ਸ਼ਹਿਰ ਸੈਰ ਕਰਨ ਨਹੀਂ, ਸਗੋਂ ਕੰਮ ਗਏ ਸਾਂ ਸੂਬੇਦਾਰ ਨਾਲ। ਉਹਨਾਂ ਦੀ ਨੂੰਹ ਦਾ ਕੇਸ ਵੀ ਹੱਲ ਕਰਵਾਉਣਾ ਸੀ ਨਾ।

ਪੂਰੋ : ਤੂੰ ਬੜਾ ਮੰਤਰੀ ਲੱਗਾ ਏਂ? ਜਿਹੜਾ ਲੋਕਾਂ ਦੇ ਕੇਸ ਹੱਲ ਕਰਵਾਉਂਦਾ ਫਿਰਦਾ ਏਂ।

ਭਾਨਾ : ਮੰਤਰੀ ਤੇ ਨਹੀਂ ਲੱਗਾ ਪਰ ਜਦੋਂ ਲੋਕ 'ਕੱਠੇ ਹੋ ਜਾਣ ਤਾਂ ਵੱਡੇ ਵੱਡੇ ਮਸਲੇ ਹੱਲ ਹੋ ਜਾਂਦੇ ਨੇ।

ਪੂਰੋ : ਨਾ ਤੂੰ ਲੋਕਾਂ ਦਾ ਠੇਕਾ ਲਿਆ ਏ? ਵੱਡਾ ਲੀਡਰ ਬਣਦਾ ਏਂ। ਤੂੰ ਸੁਣੀ ਏਂ ਨਾ ਉਹ ਗੱਲ ਅਖੇ ਮਰਾਸੀ ਦਾ ਮੁੰਡਾ ਪੁੱਛਣ ਲੱਗਾ ਮਾਂ ਨੂੰ ਬਈ ਜੇ ਲੰਬੜਦਾਰ ਮਰ ਜਾਏ ਫੇਰ ਕੌਣ ਬਣੂੰ ਲੰਬੜਦਾਰ? ਉਹਦੀ ਮਾਂ ਕਹਿੰਦੀ ਕਿ ਲੰਬੜਦਾਰ ਦਾ ਮੁੰਡਾ। ਉਹ ਫਿਰ ਕਹਿੰਦਾ ਜੇ ਲੰਬੜਦਾਰ ਦਾ ਮੁੰਡਾ ਮਰ ਜਾਏ ਫੇਰ? ਮਰਾਸਣ ਕਹਿੰਦੀ ਫੇਰ ਅੱਗੋਂ ਉਹਦਾ ਮੁੰਡਾ। ਉਹਨੇ ਫੇਰ ਪੁੱਛਿਆ ਜੇ ਉਹ ਮਰ ਗਿਆ...ਫੇਰ? ਮਰਾਸਣ ਅੱਗੋਂ ਕਹਿੰਦੀ ਪੁੱਤ ਭਾਵੇਂ ਸਾਰਾ ਪਿੰਡ ਮਰ ਜਾਏ ਤੂੰ ਫੇਰ ਵੀ ਲੰਬੜਦਾਰ ਨਹੀਂ ਬਣਨਾ। ਸੋ ਉਹ ਗੱਲ ਤੇਰੀ ਏ....।

ਭਾਨਾ : ਮੈਂ ਉਹ ਲੀਡਰਾਂ ਵਾਲੇ ਪੁੱਠੇ ਕੰਮਾਂ 'ਚ ਨਹੀਂ ਪੈਂਦਾ। ਤੂੰ ਐਵੇਂ ਨਾ ਮੇਰੇ ਸਿਰ ਨੂੰ ਚੜ੍ਹਦੀ ਜਾਹ। ਚੱਲ ਘਰ ਜਾ ਕੇ ਰੋਟੀ-ਟੁੱਕ ਕਰ।

ਪੂਰੋ : ਨਾ ਸ਼ਹਿਰ ਕਿਸੇ ਤੈਨੂੰ ਟੁੱਕ ਨਹੀਂ ਪੁੱਜਛਿਆ?

ਭਾਨਾ : ਹਰ ਵੇਲੇ ਲੜਨ ਵੱਲ ਧਿਆਨ ਨਾ ਰੱਖਿਆ ਕਰ। ਹੋਰ ਗੱਲਾਂ ਵੱਲ ਵੀ ਵੇਖਿਆ ਕਰ।

ਪੂਰੋ : ਹੋਰ ਕਿੱਧਰ ਵੇਖਿਆ ਕਰਾਂ? ਮੈਨੂੰ ਤੇਰੇ ਵਾਂਗ ਆਸੇ ਪਾਸੇ ਝਾਕਣ ਦੀ ਆਦਤ ਨਹੀਂ ਆ। ਮੈਂ ਤੇ ਮੂੰਹ ਨੂੰ ਜਿੰਦਰਾ ਮਾਰ ਕੇ ਚੁੱਪ ਕਰ ਜਾਣਾ। ਲੈ ਹੋ ਗਈ ਚੁੱਪ।

ਭਾਨਾ : ਕੀ ਗੱਲ ਬੜਾ ਭਕਾਨੇ ਵਰਗਾ ਮੂੰਹ ਫੁਲਾ ਲਿਆ ਈ, ਗੱਲ ਕੀ ਆ? ਹੁਣ ਬੋਲਦੀ ਨਹੀਂ!

ਪੂਰੋ : ਪਹਿਲਾਂ ਈ ਸਵੇਰ ਦੀ ਤੇਰੀ ਜਾਨ ਨੂੰ ਰੋਈ ਜਾਨੀ ਆਂ। ਪਤਾ ਨਹੀਂ ਕਿਹੜਾ ਵੇਲਾ ਸੀ ਜਦੋਂ ਮੇਰੇ ਮਾਪਿਆਂ ਨੇ ਤੇਰੇ ਨਾਲ ਝਲਾਅ ਕਰ ਦਿੱਤਾ ਸੀ। ਅਖੇ ਮੁੰਡਾ ਬੜਾ ਚਾਤਰ ਏ, ਪੜ੍ਹਿਆ-ਲਿਖਿਆ ਏ। ਪਰ ਨਿਕਲਿਆ ਨਿਰਾ ਬੁੱਡੂ!

ਭਾਨਾ : ਮੇਰੀ ਜਾਨ ਨੂੰ ਰੋਣ ਦੀ ਕੋਈ ਲੋੜ ਨਹੀਂ। ਰੋ ਆਪਣੇ ਜਣਦਿਆਂ ਨੂੰ। ਮੂੰਹ ਸੰਭਾਲ ਕੇ ਗੱਲ ਕਰੀਂ ਨਹੀਂ ਤੇ ਬੁਰੀ ਕਰਾਂਗਾ ਈ। ਮੈਨੂੰ ਬੁੱਡੂ ਆਖਣ ਵਾਲੀਏ! ਪਹਿਲਾਂ ਆਪਣੀ ਪੀੜ੍ਹੀ ਹੇਠ ਤੇ ਸੋਟਾ ਫੇਰ? ਅਨਪੜ੍ਹੇ ਜ਼ਮਾਨੇ ਦੀਏ! ਤੇਰੀ ਤੇ ਮੱਤ ਸੱਚੀ ਮੁੱਚੀਂ ਗੁੱਤ ਪਿੱਛੇ ਆ, ਜਿਹਨੂੰ ਇਹ ਨਹੀਂ ਪਤਾ ਬਈ ਮੈਂ ਕਿੱਡੀ ਸ਼ੈਅ ਆਂ।

ਪੂਰੋ : ਉਹ ਤੇ ਮੈਨੂੰ ਪਤਾ ਆ ਤੂੰ ਬੜੀ ਕੁੱਤੀ ਸ਼ੈਅ ਆਂ, ਪਰ ਘਰ ਵੱਲ ਵੀ ਖ਼ਿਆਲ ਕਰਿਆ ਕਰ।

ਭਾਨਾ : ਨਾ ਘਰ ਨੂੰ ਕਿਹੜੀ ਅੱਗ ਲੱਗ ਗਈ ਆ?

ਪੂਰੋ : ਅੱਗ ਲੱਗਣੋਂ ਘੱਟ ਵੀ ਕੀ ਆ? ਸਵੇਰੇ ਚਾਹ ਬਣਾਈ ਤੇ ਕੋਈ ਸੁਆਦ ਨਹੀਂ। ਸਬਜ਼ੀ ਬਣਾਈ ਤਾਂ ਕੋਈ ਰੰਗ ਈ ਨਾ ਆਵੇ। ਤੂੰ ਤੇ ਸਾਨੂੰ ਉੱਦਾਂ ਈ ਮਾਰ ਦੇਣਾ ਏ। ਤੈਥੋਂ ਚੀਜ਼ਾਂ ਵੇਖ ਕੇ ਨਹੀਂ ਸੀ ਲਿਆਂਦੀਆਂ ਜਾਂਦੀਆਂ। ਜੋ ਜ਼ਮਾਨੇ ਦਾ ਗੰਦ ਏ, ਘਰ ਚੁੱਕ ਕੇ ਲੈ ਆਂਦਾ ਈ। ਨਾ ਤੈਨੂੰ ਬੁੱਡੂ ਨਾ ਆਖਾਂ ਤੇ ਹੋਰ ਕੀ ਆਖਾਂ?

ਭਾਨਾ : ਪਾਗ਼ਲੇ ਜ਼ਮਾਨੇ ਦੀਏ! ਐਵੇਂ ਮੇਰੇ ਨਾਲ ਔਖੀ ਹੋਈ ਜਾਨੀ ਏਂ। ਸੌਦਾ ਤੇ ਤੇਰਾ ਲਾਡਲਾ ਪੁੱਤ ਪੱਪੂ ਲੈ ਕੇ ਆਇਆ ਸੀ।

ਪੂਰੋ : ਚੱਲ ਸੌਦਾ ਤੇ ਪੱਪੂ ਈ ਲੈ ਕੇ ਆਇਆ ਹੋਊ, ਪਰ ਮੇਰਾ ਸੂਟ ਤੇ ਤੂੰ ਈਂ ਲਿਆਂਦਾ ਸੀ। ਮਹੀਨਾ ਅਜੇ ਹੋਇਆ ਨਹੀਂ ਲਿਆਂਦੇ ਨੂੰ, ਬੂਰ ਉਹਦੇ ਤੇ ਇਉਂ ਆਈ ਆ ਜਿਵੇਂ ਸੌਣ ਭਾਦਰੋਂ 'ਚ ਘਾਹ ਉੱਗਾ ਹੋਵੇ।

ਭਾਨਾ : ਫਿਰ ਦੂਜਾ ਪਾ ਲੈ, ਤੇਰੇ ਕੋਲ ਕਿਹੜਾ ਸੂਟਾਂ ਦਾ ਘਾਟਾ ਏ!

ਪੂਰੋ : ਹੇ ਖਾਂ! ਜਿਵੇਂ ਚੜ੍ਹੇ ਮਹੀਨੇ ਨਵਾਂ ਸੂਟ ਸੰਵਾ ਕੇ ਦਿੰਦਾ ਹੋਵੇ। ਇੱਕੋ ਸੂਟ ਆ, ਕਿਸੇ ਦੇ ਮਰਨੇ-ਪਰਨੇ ਤੇ ਜਾਣਾ ਹੋਵੇ ਤਾਂ ਉਹੀ ਸੂਟ, ਵਿਆਹ-ਸ਼ਾਦੀ ਜਾਣਾ ਹੋਵੇ, ਤਾਂ ਉਹੀ ਸੂਟ! ਬਾਹਰ-ਅੰਦਰ ਜਾਣਾ ਹੋਵੇ, ਤਾਂ ਵੀ ਉਹੀਓ ਸੂਟ!

ਭਾਨਾ : ਨਾ ਹੁਣ ਤੇਰੀ ਉਮਰ ਨਵੇਂ-ਨਵੇਂ ਸੂਟ ਪਾਉਣ ਦੀ ਆ। ਜਦੋਂ ਉਮਰ ਸੀ, ਉਦੋਂ ਚੜ੍ਹੇ ਮਹੀਨੇ ਸੂਟ ਇੰਞ ਆਉਂਦਾ ਸੀ, ਜਿਵੇਂ ਪਾਣੀ ਵਾਲੇ ਦੁੱਧ ਦਾ ਬਿੱਲ ਆਉਂਦਾ ਏ। ਨਾਲੇ ਤੁਹਾਨੂੰ ਤੀਵੀਂਆਂ ਨੂੰ ਤੇ ਸੂਟਾਂ ਗਹਿਣਿਆਂ ਤੋਂ ਬਿਨਾਂ ਹੋਰ ਕੋਈ ਕੰਮ ਈ ਨਹੀਂ। ਕਿਸੇ ਜ਼ਨਾਨੀ ਦੇ ਕੋਈ ਗਹਿਣਾ, ਸੂਟ ਜਾਂ ਫਿਰ ਹੋਰ ਕੋਈ ਚੀਜ਼ ਪਾਈ ਇਕ ਵਾਰ ਵੇਖ ਲੈਣ, ਬੱਸ, ਘਰ ਆਉਂਦਿਆਂ ਈ ਆਪਣੇ ਘਰ ਵਾਲੇ ਦੇ ਸੰਘ 'ਚ 'ਗੂਠਾ ਦੇ ਦੇਣਗੀਆਂ ਕਿ ਲਿਆ ਕੇ ਦਿੰਨਾਂ ਏ ਕਿ ਘੱਲਾਂ ਫੁੱਲ ਹਰਦੁਆਰ ਨੂੰ! ਪਤੀ ਵਿਚਾਰਾ ਜਾਨ ਬਚਾਉਂਦਾ ਭਿੱਜੀ ਬਿੱਲੀ ਬਣੀ ਲਿਆ ਚੀਜ਼ ਹਾਜ਼ਰ ਕਰੂ। ਅਗਲੇ ਨੇ ਜਾਨ ਵੀ ਤਾਂ ਬਚਾਉਣੀ ਹੋਈ।

ਪੂਰੋ : ਗੱਲਾਂ ਤੇ ਇਉਂ ਕਰਦਾ ਜਿਵੇਂ ਰੋਜ਼ ਨਵੀਆਂ ਚੀਜ਼ਾਂ ਲਿਆ ਕੇ ਦਿੰਦਾ ਹੋਵੇ ਪਹਿਨਣ ਨੂੰ! ਇੱਕੋ ਸੂਟ ਲਿਆ ਕੇ ਦਿੱਤਾ ਇੰਨੇ ਸਾਲਾਂ ਬਾਅਦ, ਉਹ ਵੀ ਨਿਰਾ ਪਰੋਲਾ! ਅਖੇ ਬੜੀ ਵਧੀਆ ਮਿੱਲ ਦਾ, ਗਰੰਟੀ ਏ ਕੱਪੜੇ ਦੀ! ਵੇਖ ਲਓ, ਇਹਦੀ ਗਰੰਟੀ! ਉਤੋਂ ਕਹਿੰਦਾ ਸੌਦਾ ਤਾਂ ਛਿੰਦਾ ਲਿਆਇਆ ਸੀ ਸ਼ਹਿਰੋਂ! ਉਹ ਵੀ ਤਾਂ ਤੇਰੇ 'ਤੇ ਈ ਗਿਆ। ਸਿਆਣਿਆਂ ਐਵੇਂ ਤੇ ਨਹੀਂ ਕਿਹਾ ਕਿ ਪਿਓ ਪਰ ਪੂਤ, ਪਿਤਾ ਪਰ ਘੋੜਾ ਬਹੁਤਾ ਨਹੀਂ ਤਾਂ ਥੋੜ੍ਹਾ ਥੋੜ੍ਹਾ!

ਭਾਨਾ : ਅਕਲੋਂ ਤਾਂ ਉਹ ਬਿਲਕੁਲ ਤੇਰੇ ਤੇ ਆ, ਸ਼ਕਲ ਭਾਵੇਂ ਮੇਰੇ ਵਰਗੀ ਹੋਵੇ। ਸਿਆਣਿਆਂ ਨੇ ਇਹ ਵੀ ਠੀਕ ਈ ਕਿਹਾ ਏ ਕਿ ਦੁੱਧ ਤੇ ਬੁੱਧ ਹੁੰਦੀ ਏ। ਦਿਮਾਗੋਂ ਇੰਨਾ ਮੋਟਾ ਬਈ ਬਰੀਕ ਗੱਲ ਦਿਮਾਗ 'ਚ ਵੜਦੀ ਈ ਨਹੀਂ। ਪਹਿਲੋਂ ਸੌਦਾ ਮੈਂ ਹੀ ਖ਼੍ਰੀਦ ਕੇ ਲਿਆਉਂਦਾ ਰਿਹਾਂ, ਅੱਗੇ ਕਦੇ ਸ਼ਕਾਇਤ ਆਈ ਏ ਇਹੋ ਜਿਹੀ? ਮੈਂ ਕਰਦਾਂ ਜਾ ਕੇ ਗੱਲ ਦੁਕਾਨਦਾਰ ਨਾਲ, ਨਾਲੇ ਕੱਪੜੇ ਵਾਲੇ ਬਜਾਜ ਨਾਲ ਵੀ ਕਰਦਾਂ ਦੋ ਹੱਥ!

ਪੂਰੋ : ਤੂੰ ਉਹਨਾਂ ਦੀ ਕੀ ਲੱਤ ਭੰਨ ਲਵੇਂਗਾ? ਕਤੂਰੇ ਨੂੰ ਵੇਖ ਕੇ ਤਾਂ ਤੇਰੀ ਮੋਕ ਨਿਕਲ ਜਾਂਦੀ ਹੈ।

ਭਾਨਾ : ਐਵੇਂ ਨਾ ਬੋਲੀ ਜਾਹ ਚਵੜ ਚਵੜ, ਨਹੀਂ ਤੇ ਮੌਰਾਂ 'ਚ ਐਸੀਆਂ ਜੜੂੰ, ਜਿਹੜਾ ਸਾਰੀ ਉਮਰ ਯਾਦ ਰੱਖੇਂਗੀ।

ਪੂਰੋ : ਤੂੰ ਹੱਥ ਲਾ ਕੇ ਤਾਂ ਵੇਖ! ਮੈਂ ਕੋਈ ਖ਼ਾਨਾਬਦੋਸ਼ ਨਹੀਂ, ਪੰਜ ਭਰਾਵਾਂ ਦੀ 'ਕੱਲੀ ਭੈਣ ਆਂ...ਤੂੰ ਐਵੇਂ ਨਾ ਆਫ਼ਰਿਆ ਫਿਰ!

ਭਾਨਾ : *(ਦੌੜ ਕੇ ਮਾਰਨ ਲਗਦਾ ਹੈ)*। ਠਹਿਰ ਮੈਂ ਦੱਸਦਾਂ ਤੈਨੂੰ ਪਤਾ।

ਪੂਰੋ : *(ਰੋਂਦੀ ਹੈ)* ਮਾਰ ਦਿੱਤੀ ਵੇ ਲੋਕੋ! ਕੋਈ ਬਚਾਓ... *(ਅੱਗੇ ਦੌੜਦੀ ਹੈ, ਪਿੱਛੇ ਭਾਨਾ ਦੌੜਦਾ ਹੈ)*

*(ਫੇਡ ਆਊਟ)*

## ਝਾਕੀ ਤੀਜੀ

*(ਭਾਨਾ ਤੁਰਿਆ ਆ ਰਿਹਾ ਹੈ। ਬੜੇ ਖੁਸ਼ ਮੂਡ ਵਿਚ ਹੈ। ਮੋਢੇ ਝੋਲਾ ਹੈ ਜਿਸ ਵਿਚ ਸਾਮਾਨ ਹੈ। ਸਾਹਮਣਿਓਂ ਰੌਣੀ ਆਉਂਦਾ ਹੈ।)*

ਰੌਣੀ : ਓਇ ਕਿਧਰੋਂ ਵਲ-ਵਲੇਵੇਂ ਜਿਹੇ ਖਾਂਦਾ ਆ ਰਿਹੈਂ? ਸੁਖ ਤੇ ਹੈਗੀ ਆ?

ਭਾਨਾ : ਸੁੱਖ ਕੀ ਹੋਣੀ ਏ ਸੁਆਹ ਤੇ ਖੇਹ! ਮੈਂ ਕਹਿਨਾਂ ਜੇ ਇਸੇ ਤਰ੍ਹਾਂ ਕੰਮ ਚਲਦਾ ਰਿਹਾ ਤਾਂ ਆਪਣੇ ਮੁਲਕ ਦਾ ਤਾਂ ਭੱਠਾ ਈ ਬਹਿ ਜਾਣਾ!

ਰੌਣੀ : ਕੋਈ ਗੱਲ ਵੀ ਦੱਸੇਂਗਾ ਕਿ ਐਵੇਂ ਬੋਲੀ ਜਾਵੇਂਗਾ ਨਾਨ-ਸਟਾਪ ਬੱਸ ਵਾਂਗ ਜਿਹੜੀ ਹਰ ਅੱਡੇ ਤੇ ਖੜ ਕੇ ਜਾਂਦੀ ਆ।

ਭਾਨਾ : ਗੱਲ ਕੀ ਦੱਸਾਂ, ਪਰਸੋਂ ਮੁੰਡੇ ਹੱਥ ਸ਼ਹਿਰੋਂ ਸੌਦਾ ਮੰਗਵਾਇਆ ਸੀ, ਧਰਮ ਨਾਲ ਇਕ ਵੀ ਚੀਜ਼ ਐਸੀ ਨਹੀਂ, ਜਿਹਦੇ ਵਿਚ ਮਿਲਾਵਟ ਨਾ ਹੋਵੇ! ਹੁਣ ਮੈਂ ਉਥੋਂ ਹੀ ਆ ਰਿਹਾਂ ਦੁਕਾਨਦਾਰਾਂ ਦੀ ਜਾਨ ਨੂੰ ਰੋਂਦਾ।

ਰੌਣੀ : ਓਇ ਐਵੇਂ ਕਾਹਨੂੰ ਤੜਫੀ ਜਾਨੈਂ? ਉਹ ਤੇ ਮਿਲਾਉਂਦੇ ਵੀ ਬੜੀਆਂ ਵਧੀਆਂ ਚੀਜ਼ਾਂ ਨੇ ਜਿੰਨ੍ਹਾਂ ਦਾ ਸਿਹਤ ਤੇ ਰਤੀ ਭਰ ਨੁਕਸਾਨ ਨਹੀਂ ਹੁੰਦਾ।

ਭਾਨਾ : ਅਖੇ ਰੋਨਾਂ ਕਾਹਤੋਂ ਏਂ ਥਾਲੀ 'ਚ ਕੁਝ ਨਹੀਂ ਦੀਂਹਦਾ। ਮੈਨੂੰ ਤੂੰ ਇਹ ਦੱਸ ਬਈ ਰੱਤੀ ਭਰ ਨੁਕਸਾਨ ਕਿਵੇਂ ਨਹੀਂ ਹੁੰਦਾ?

ਰੌਣੀ : ਲੈ ਸੁਣ, ਤੈਨੂੰ ਮੈਂ ਦੱਸਦਾਂ। ਗਰਮ ਮਸਾਲੇ ਵਿਚ ਘੋੜੇ ਦੀ ਲਿੱਦ ਮਿਲਾਉਣ ਨਾਲ ਬੰਦੇ ਦੀ ਹਾਰਸ ਪਾਵਰ ਵਧਦੀ ਐ। ਕਾਲੀ ਮਿਰਚ 'ਚ ਪਪੀਤੇ ਦੇ ਬੀਜ ਮਿਲਾਉਣ ਨਾਲ ਹਾਜ਼ਮਾ ਦਰੁਸਤ ਰਹਿੰਦਾ। ਦੇਸੀ ਘਿਉ 'ਚ ਡਾਲਡਾ ਠੋਕਣ ਨਾਲ ਮੁਟਾਪਾ ਨਹੀਂ ਹੁੰਦਾ, ਬੰਦਾ ਹਾਰਟ ਅਟੈਕ ਤੋਂ ਬਚਿਆ ਰਹਿੰਦਾ ਏ। ਲਾਲ ਮਿਰਚ ਵਿਚ ਇੱਟਾਂ ਪੀਸ ਕੇ ਮਿਲਾਉਣ ਨਾਲ ਸਰੀਰ ਮਜ਼ਬੂਤ ਹੁੰਦਾ ਐ। ਹਲਦੀ 'ਚ ਲੱਕੜ ਦਾ ਬੂਰਾ ਮਿਲਾਉਣ ਨਾਲ ਬੰਦੇ 'ਚ ਦਰਖ਼ਤ ਉਗਾਉਣ ਦੀ ਭਾਵਨਾ ਉਜਾਗਰ ਹੁੰਦੀ ਐ। ਚਾਹ-ਪੱਤੀ ਵਿਚ ਉਬਲੀ ਚਾਹ ਪੱਤੀ ਮਿਲਾਉਣ ਨਾਲ ਚਾਹ ਕੜਾਕੇਦਾਰ ਬਣਦੀ ਐ। ਤੂੰ ਕੀ ਕਹਿੰਦਾ ਸਿਹਤ ਖ਼ਰਾਬ ਹੋ ਜੂ? ਓਏ ਕਮਲਿਆ, ਉਹ ਤੇ ਆਦਮੀ ਦੀ ਸੇਹਤ ਦਾ ਪੂਰਾ-ਪੂਰਾ ਖ਼ਿਆਲ ਰੱਖਦੇ ਆ।

ਭਾਨਾ : ਤੂੰ ਜਾਣ ਦੇ ਯਾਰ, ਹੋਰ ਤਾਂ ਹੋਰ, ਕਪੜੇ ਧੋਣ ਵਾਲੇ ਸਾਬਣ ਤੇ ਡਿਟਰਜੈਂਟ ਵਿਚ ਮਿਲਾਵਟ ਹੋਣ ਲੱਗ ਪਈਏ।

ਰੌਣੀ : ਓਏ ਕਮਲਿਆ, ਜੇ ਸਾਬਣ ਤੇ ਡਿਟਰਜੈਂਟ 'ਚ ਮਿਲਾਵਟ ਨਾ ਕਰਨ ਤਾਂ ਕਪੜਿਆਂ ਦੀ ਮੈਲ ਨਿਕਲ ਜਾਊ। ਜੇ ਮੈਲ ਨਿਕਲ ਜਾਊ ਤਾਂ ਕਪੜਾ ਹਲਕਾ ਹੋ ਜਾਊ। ਜੇ ਹਲਕਾ ਹੋ ਗਿਆ ਤਾਂ ਛੇਤੀ ਫਟ ਜਾਊ। ਇਹ ਗੱਲਾਂ ਸੋਚ ਕੇ ਈ ਮਿਲਾਵਟ ਹੁੰਦੀ ਏ ਤੇ ਮੈਲ ਕੱਢਣ ਦੀ ਲੋੜ ਵੀ ਨਹੀਂ ਪੈਂਦੀ। ਦਵਾਈ 'ਚ ਮਿਲਾਵਟ ਨਾਲ ਦਵਾਈ ਜ਼ਿਆਦਾ ਤੇਜ਼ ਨਹੀਂ ਰਹਿੰਦੀ ਤੇ ਉਹਦੇ ਸਾਈਡ ਇਫੈਕਟ ਨਹੀਂ ਹੁੰਦੇ।

ਭਾਨਾ : ਓਏ ਵੱਡਿਆ ਫ਼ਿਲਾਸਫ਼ਰਾ, ਪੈਸੇ ਤਾਂ ਪੂਰੇ ਲੈਂਦੇ ਨੇ ਨਾ। ਜੇਬਾਂ ਲੋਕਾਂ ਦੀਆਂ ਅਸਲੀ ਚੀਜ਼ਾਂ ਦੇ ਭਾਅ ਵੇਚ ਕੇ ਕੱਟੀ ਜਾਂਦੇ ਨੇ ਤੇ ਵੇਚੀ ਨਕਲੀ ਮਾਲ ਜਾਂਦੇ ਨੇ। ਆਮ ਆਦਮੀ ਨੂੰ ਪਤਾ ਨਹੀਂ ਲਗਦਾ ਕਿ ਉਹ ਕੀ ਕਰੇ ਜਿੱਥੇ ਪੈਸਾ ਜ਼ਾਇਆ ਹੁੰਦਾ ਏ, ਉਥੇ ਕੀਮਤੀ ਜਾਨਾਂ ਵੀ ਜਾਂਦੀਆਂ ਨੇ।

ਰੌਣੀ : ਨਾ ਇਹ ਜਾਨਾਂ ਕਿਵੇਂ ਕੀਮਤੀ ਹੋ ਗਈਆਂ, ਆਪਣੇ ਤਾਂ ਬੰਦਾ ਮਰੇ 'ਤੇ ਕੁੱਤੇ ਜਿੰਨੀ ਪੁੱਛ-ਪੜਤਾਲ ਨਹੀਂ ਹੁੰਦੀ। ਆਪਣੀ ਸਰਕਾਰ ਤਾਂ ਨਿੱਤ ਰੌਲਾ ਪਾਉਂਦੀ ਰਹਿੰਦੀ ਏ ਬਈ ਅਬਾਦੀ ਘਟਾਓ। ਜੇ ਲੋਕ ਮਰਦੇ ਨੇ ਤਾਂ ਅਬਾਦੀ ਵੀ ਤਾਂ ਘੱਟਦੀ ਏ। ਜਿੰਨੀ ਆਬਾਦੀ ਘੱਟ ਹੋਊ ਦੇਸ਼ ਖ਼ੁਸ਼ਹਾਲ ਹੋਊ।

ਭਾਨਾ : ਤੂੰ ਤੇ ਤਾਂ ਗੱਲ ਨੂੰ ਪੁੱਠਾ ਪਾ ਲੈਨਾਂ ਪੂਰੋ ਵਾਂਗ। ਆਪਣਾ ਰਾਸ਼ਟਰ ਖ਼ਤਰੇ 'ਚ ਆ ਤੇ ਤੈਨੂੰ ਮਜ਼ਾਕ ਸੁਝਦੇ ਨੇ!

ਰੌਣੀ : ਤੂੰ ਕਿਹੜਾ ਮੇਰੀ ਭਾਬੀ ਲਗਦਾ ਏਂ, ਜਿਹੜਾ ਤੈਨੂੰ ਮਜ਼ਾਕ ਕਰੂੰ। ਇਹ ਨਿੱਕੀ ਜਿਹੀ ਮਿਲਾਵਟ ਤੇ ਮੁਨਾਫ਼ਾ ਤੈਨੂੰ ਚੁੱਭਦੇ ਨੇ- ਉਦੋਂ ਪੀੜ ਨਹੀਂ ਹੁੰਦੀ, ਜਦੋਂ ਹਵਾਲੇ-ਗਵਾਲੇ ਇਕੱਠੇ ਹੀ ਅਰਬਾਂ ਰੁਪਏ ਡਕਾਰ ਜਾਂਦੇ ਨੇ! ਦੇਸ਼ ਦੇ ਉੱਚੇ ਤੋਂ ਉੱਚੇ ਆਹੁਦਿਆਂ 'ਤੇ ਬੈਠੇ ਈ ਰਿਸ਼ਵਤਖੋਰੀ, ਧੋਖਾਦੇਹੀ ਹੇਠਾਂ ਸੁੱਟੀ ਜਾਂਦੇ ਨੇ, ਫੇਰ ਹੇਠਲਿਆਂ ਨੂੰ ਮੋਇਆ ਪੁੱਛਣਾ?

ਭਾਨਾ : ਇਹ ਗੱਲਾਂ ਜਾਣ ਦੇ ਤੂੰ, ਇਹਨਾਂ ਨੂੰ ਨੱਥ ਪਾਉਣ ਵਾਲੇ ਵੀ ਪੈਦਾ ਹੋ ਗਏ ਨੇ ਹੁਣ। ਮੈਂ ਅੱਜ ਹੀ ਉਨ੍ਹਾਂ ਨੂੰ ਮਿਲ ਕੇ ਆਇਆਂ। ਖੱਪਤਕਾਰ ਸੁਰੱਖਿਆ ਕਾਨੂੰਨ ਨਾਲ ਲੋਕਾਂ ਦੀਆਂ ਸ਼ਕਾਇਤਾਂ ਦਾ ਸੌਖਾ ਸਸਤਾ ਤੇ ਤੁਰੰਤ ਨਿਵਾਰਨ ਕੀਤਾ ਜਾਂਦਾ ਏ।

ਰੌਣੀ : ਓਏ ਇਨ੍ਹਾਂ ਕਾਨੂੰਨਾਂ ਨੂੰ ਮੋਏ ਪੁੱਛਦੇ ਨੇ, ਇਹ ਬਣਾਏ ਮਗਰੋਂ ਜਾਂਦੇ ਨੇ, ਇਹਨਾਂ ਨੂੰ ਤੋੜਨ ਦਾ ਤੇ ਬਚਣ ਦਾ ਉਪਾਅ ਪਹਿਲਾਂ ਲੱਭਿਆ ਜਾਂਦਾ।

ਭਾਨਾ : ਓਏ ਨਹੀਂ! ਇਹ ਕਾਨੂੰਨ ਹੋਰ ਕਿਸਮ ਦਾ ਏ! ਇਹ ਜ਼ਿਲ੍ਹਾ ਪੱਧਰ, ਰਾਜ ਪੱਧਰ ਤੇ ਰਾਸ਼ਟਰੀ ਪੱਧਰ ਤੱਕ ਲਾਗੂ ਹੋਇਆ ਏ- ਜੇ ਮੁਆਵਾਜ਼ਾ ਪੰਜ ਲੱਖ ਤੱਕ ਹੋਵੇ, ਤਾਂ ਸ਼ਕਾਇਤ ਜ਼ਿਲ੍ਹਾ ਫੋਰਮ ਵਿਚ, ਪੰਜ ਲੱਖ ਤੋਂ ਦਸ ਲੱਖ ਤੱਕ ਰਾਜ ਪੱਧਰ ਤੇ, ਵੀਹ ਲੱਖ ਤੋਂ ਉਪਰ ਰਾਸ਼ਟਰੀ ਕਮਿਸ਼ਨ ਦਿੱਲੀ ਵਿਚ ਰਿੱਟ ਦਾਇਰ ਕੀਤੀ ਜਾਂਦੀ ਏ।

ਰੌਣੀ : ਆਹੋ ਕੀਤੀ ਜਾਂਦੀ ਏ ਦਾਇਰ ਦਿੱਲੀ 'ਚ! ਮਾਸੜ ਜੀ ਤੁਹਾਡੇ ਲਈ ਦਿੱਲੀ ਦੂਰ ਹੀ ਰਹਿਣੀ ਏ, ਐਵੇਂ ਨਾ ਸੁਪਨੇ ਸਜਾਈ ਜਾਓ-ਇੱਥੇ ਰਿੱਟਾਂ ਈ ਹੁੰਦੀਆਂ ਨੇ, ਤੇ ਫ਼ੈਸਲੇ ਸੁਣਨ ਲਈ ਉਮਰਾਂ ਲੰਘ ਜਾਂਦੀਆਂ ਨੇ। ਬੰਦਾ ਮਰ ਜਾਂਦਾ ਏ, ਖੜਾ ਖੜਾ ਸੁੱਕ ਜਾਂਦਾ ਏ, ਪਰ ਫ਼ੈਸਲਾ ਨਹੀਂ ਹੁੰਦਾ।

ਭਾਨਾ : ਓਏ ਨਹੀਂ-ਇਥੇ ਦਾਇਰ ਕੀਤੀਆਂ ਸ਼ਕਾਇਤਾਂ ਦਾ ਨਿਪਟਾਰਾ ਤੁਰੰਤ ਹੋ ਜਾਂਦਾ ਏ। ਨੋਟਾਂ ਨਾਲ ਵਕੀਲਾਂ ਦੇ ਘਰ ਨਹੀਂ ਭਰਨੇ ਪੈਂਦੇ।

ਰੌਣੀ : ਓਏ ਜੇ ਵਕੀਲਾਂ ਨੂੰ ਨੋਟ ਨਾ ਮਿਲੇ ਤਾਂ ਉਹਨਾਂ ਰੋਟੀ ਗੁਰਦੁਆਰੇ ਤੋਂ ਖਾਣੀ ਏ? ਨਾਲੇ ਠੇਕੇ ਵਾਲਿਆਂ ਨੂੰ ਠੇਕੇ ਬੰਦ ਕਰਨੇ ਪੈ ਜਾਂਦੇ ਨੇ।

ਭਾਨਾ : ਸੁਣ ਤਾਂ ਸਹੀ ਆਪਣੀਆਂ ਹੀ ਮਾਰੀ ਜਾਨੈਂ! ਇਹਦੇ ਵਿਚ ਬੜੇ ਅਧਿਕਾਰ ਸ਼ਾਮਲ ਨੇ। ਇਹਦੇ ਵਿਚ ਸੁਰੱਖਿਆ ਦਾ ਅਧਿਕਾਰ, ਸੂਚਨਾ ਦੇਣ ਦਾ ਅਧਿਕਾਰ, ਚੋਣ ਦਾ ਅਧਿਕਾਰ ਅਤੇ ਯੋਗ ਪ੍ਰਣਾਲੀ ਰਾਹੀਂ ਇਨਸਾਫ਼ ਦੇਣ ਦਾ ਉਦਮ ਕੀਤਾ ਜਾਂਦਾ ਏ।

ਰੌਣੀ : ਇੰਨੇ ਪੰਗਿਆਂ 'ਚ ਪੈਣ ਨਾਲੋਂ ਚੰਗਾ ਨਹੀਂ ਕਿ ਬੰਦਾ ਆਰਾਮ ਨਾਲ ਘਰ ਬੈਠੇ, ਪਹਿਲਾਂ ਈ ਚੀਜ਼ ਖਰੀਦਣ ਵੇਲੇ ਅੱਖਾਂ ਖੋਹਲ ਕੇ ਖਰੀਦੇ।

ਭਾਨਾ : ਇਹ ਕੀਤੀ ਓ ਨਾ ਕੰਮ ਦੀ ਗੱਲ। ਉਹ ਕਹਿੰਦੇ ਸੀ ਕਿ...।

ਰੌਣੀ : ਉਹ ਕੌਣ ਤੇਰੇ ਫੁੱਫੜ ਜੀ?!

ਭਾਨਾ : ਓਏ ਨਹੀਂ, ਫੋਰਮ ਵਾਲੇ ਕਹਿੰਦੇ ਸੀ ਖੱਪਤਕਾਰ ਨੂੰ ਵਸਤੂਆਂ ਖਰੀਦਣ ਤੋਂ ਪਹਿਲਾਂ ਇਹਦੀ ਕੁਆਲਿਟੀ, ਸਰਵਿਸ ਤੇ ਗਰੰਟੀ ਬਾਰੇ ਜਾਣਕਾਰੀ ਲੈਣੀ ਚਾਹੀਦੀ ਏ। ਚੀਜ਼ਾਂ ਹਮੇਸ਼ਾਂ ਆਈ.ਐਸ.ਆਈ. ਮਾਰਕਾ ਤੇ ਕੁਆਲਿਟੀ ਮਾਰਕ ਨਿਸ਼ਾਨ ਵਾਲੀਆਂ ਖ੍ਰੀਦਣੀਆਂ ਚਾਹੀਦੀਆਂ ਨੇ।

ਰੌਣੀ : ਆਈ.ਐਸ.ਆਈ. ਦਾ ਨਾਂ ਨਾ ਲੈ, ਨਹੀਂ ਤੇ ਅੰਦਰ ਹੋ ਜਾਵੇਂਗਾ। ਤੈਨੂੰ ਨਹੀਂ ਪਤਾ ਆਪਣੇ ਮੁਲਕ 'ਚ ਭਾਵੇਂ ਕੱਟਾ ਮਰ ਜਾਏ ਕਹਿਣਗੇ ਇਹਦੇ ਪਿੱਛੇ ਆਈ.ਐਸ.ਆਈ. ਦਾ ਹੱਥ ਆ।

ਭਾਨਾ : ਓਏ ਇਹ ਉਹ ਆਈ.ਐਸ.ਆਈ. ਨਹੀਂ ਸਗੋਂ ਕੁਆਲਿਟੀ ਨਿਰਧਾਰਿਤ ਕਰਨ ਦਾ ਇਕ ਨਿਸ਼ਾਨ ਏ। ਸਾਨੂੰ ਵਪਾਰੀਆਂ ਦੀਆਂ ਵਪਾਰਕ ਚਾਲਾਂ ਜਾਂ ਦਬਾਅ ਹੇਠ ਚੀਜ਼ਾਂ ਨਹੀਂ ਖ੍ਰੀਦਣੀਆਂ ਚਾਹੀਦੀਆਂ ਸਗੋਂ ਖ੍ਰੀਦਣ ਸਮੇਂ ਉਸਦੀ ਰਸੀਦ ਅਤੇ ਗਰੰਟੀ ਕਾਰਡ ਪੂਰੇ ਵੇਰਵੇ ਸਹਿਤ ਆਪਣੇ ਨਾਂ ਤੇ ਲੈ ਲੈਣਾ ਚਾਹੀਦਾ ਏ।

ਰੌਣੀ : ਇੱਥੇ ਤਾਂ ਕਦੇ ਬੱਸ 'ਚ ਕੰਡਕਟਰ ਨੇ ਟਿਕਟ ਨਹੀਂ ਦਿੱਤੀ, ਤੂੰ ਦੁਕਾਨਦਾਰ ਤੋਂ ਰਸੀਦਾਂ ਭਾਲਦੈਂ। ਜੇ ਟਿਕਟ ਪੁੱਛੋ ਤਾਂ ਕਹਿਣਗੇ, 'ਤੂੰ ਟਿਕਟ ਤੇ ਬਹਿ ਕੇ ਜਾਣੈ ਕਿ ਬੱਸ 'ਤੇ?

ਭਾਨਾ : ਤੂੰ ਬੱਸ ਦੀ ਗੱਲ ਕੀਤੀ ਆ ਨਾ, ਬੱਸ ਸਫ਼ਰ, ਹਵਾਈ ਸਫਰ ਤੇ ਰੇਲ ਦੇ ਸਫਰ ਦੇ ਕਲੇਮ ਦਾ ਦਾਅਵਾ ਵੀ ਕੀਤਾ ਜਾ ਸਕਦਾ ਹੈ।

ਰੌਣੀ : ਜੇ ਇੰਨਾ ਕੁਝ ਤੇਰੀ ਫੋਰਮ ਕਰ ਸਕਦੀ ਆ ਤਾਂ ਜਾਹ ਸਭ ਤੋਂ ਪਹਿਲਾਂ ਰੋਡਵੇਜ਼ ਵਾਲਿਆਂ ਤੇ ਦਾਅਵਾ ਕਰ ਜਿਹਦੇ 'ਚ ਬੰਦਾ ਬੈਠਦਾ ਈ ਲੀੜੇ ਪੜਵਾਉਣ ਲਈ ਆ। ਬੱਸਾਂ ਵੀ ਇਹੋ ਜਿਹੀਆਂ ਬਈ ਰਹੇ ਰੱਬ ਦਾ ਨਾਂ! ਜਦੋਂ ਨਵੀਂ ਆਉਂਦੀ ਆ, ਤਾਂ ਲਾ ਦੇਣਗੇ ਅੰਮ੍ਰਿਤਸਰ ਤੋਂ ਪੱਟੀ, ਚੰਡੀਗੜ੍ਹ ਮਨਾਲੀ ਤੇ ਜਦੋਂ ਖੜਕ ਕੇ ਪੀਪਾ ਹੋ ਜਾਂਦੀ ਆ ਤਾਂ ਲਾ ਦੇਂਦੇ ਆ ਜਗਰਾਵਾਂ ਤੋਂ ਹਠੂਰ, ਰਾਏਕੋਟ ਤੋਂ ਦਾਊਧਰ ਤੇ ਉਤੋਂ ਸੜਕਾਂ ਵੀ ਇਹੋ ਜਿਹੀਆਂ ਪੱਧਰੀਆਂ ਕਿ ਬੁੜ੍ਹਕ ਬੁੜ੍ਹਕ ਕੇ ਸਵਾਰੀ ਦਾ ਖਾਧਾ-ਪੀਤਾ ਉੱਪਰ-ਹੇਠਾਂ ਹੋ ਜਾਂਦੈ।

ਭਾਨਾ : ਬਸ...ਬਸ...ਬਸ! ਇਹਦੇ ਬਾਰੇ ਵੀ ਗੱਲ ਕੀਤੀ ਜਾ ਸਕਦੀ ਏ, ਪਰ ਆਪਾਂ ਗੱਲ ਕਰ ਰਹੇ ਸਾਂ ਬਜ਼ਾਰ ਵਿਕਦੀਆਂ ਵਸਤੂਆਂ ਦੀ...। ਸਾਨੂੰ ਖਰੀਦੀਆਂ ਚੀਜ਼ਾਂ ਦੀ ਸ਼ੁੱਧਤਾ ਪਰਖਣ ਲਈ ਨਿਰਧਾਰਤ ਲੈਬਾਰਟਰੀਆਂ ਤੋਂ ਟੈਸਟ ਕਰਵਾ ਕੇ ਲਾਭ ਲੈਣਾ ਚਾਹੀਦਾ ਏ। ਇਹ ਟੈਸਟ ਕਈ ਅਦਾਰਿਆਂ ਵੱਲੋਂ ਮੁਫ਼ਤ ਕੀਤੇ ਜਾਂਦੇ ਨੇ, ਹੋਰ ਤਾਂ ਹੋਰ ਤੁਸੀਂ ਉਨ੍ਹਾਂ ਤੋਂ ਜਾਣਕਾਰੀ ਲੈ ਕੇ ਘਰ ਵਿਚ ਵੀ ਟੈਸਟ ਕਰ ਸਕਦੇ ਹੋ।

ਰੌਣੀ : ਗੱਲ ਤੇ ਤੇਰੀ ਠੀਕ ਆ ਬਈ ਲੈਬਾਰਟਰੀ 'ਚ ਚੀਜ਼ਾਂ ਟੈਸਟ ਹੁੰਦੀਆਂ ਨੇ, ਬੰਦਾ ਬਾਕੀ ਚੀਜ਼ਾਂ ਤਾਂ ਸਭ ਟੈਸਟ ਕਰਵਾ ਲਊ ਪਰ ਰੋਡਵੇਜ਼ ਦੀ ਬੱਸ ਨੂੰ ਕਿਹੜੀ ਲੈਬਾਰਟਰੀ 'ਚੋਂ ਟੈਸਟ ਕਰਵਾਏਂਗਾ ਵੱਡਿਆ ਮੱਤਦੀਨਾ!

ਭਾਨਾ : ਤੂੰ ਪੁੱਠੀਆਂ ਗੱਲਾਂ ਨਾ ਕਰ। ਕੰਮ ਦੀ ਗੱਲ ਵੀ ਸੁਣ ਲਿਆ ਕਰ, ਹਰ ਵੇਲੇ ਲੁਤਰ ਲੁਤਰ ਕਰਦਾ ਰਹਿੰਨਾਂ ਏਂ। ਹੁਣ ਲੈਬਾਰਟਰੀਆਂ ਖੁੱਲ੍ਹ ਗਈਆਂ ਨੇ, ਜਿਹੜੀਆਂ ਸਰਕਾਰ ਤੋਂ ਮਨਜ਼ੂਰਸ਼ੁਦਾ ਨੇ, ਇਨ੍ਹਾਂ ਕੋਲ ਹਰ ਤਰ੍ਹਾਂ ਦੇ ਤੇਲ, ਸਾਬਣ, ਪਾਊਡਰ, ਸਟੀਲ, ਕੈਮੀਕਲਜ਼ ਮੋਬਾਇਲ, ਖਾਦਾਂ, ਕੀੜੇਮਾਰ ਦਵਾਈਆਂ ਤੇ ਆਮ ਦਵਾਈਆਂ ਦੇ ਟੈਸਟ ਕੀਤੇ ਜਾਂਦੇ ਨੇ। ਉਹ ਘਰਾਂ ਦੀਆਂ ਖਾਣ ਵਾਲੀਆਂ ਚੀਜ਼ਾਂ ਤੇ ਪਾਣੀ ਦੇ ਮੁਫ਼ਤ ਟੈਸਟ ਕਰਦੇ ਨੇ।

ਰੌਣੀ : ਇਹ ਲੈਬਾਰਟਰੀਆਂ ਵਾਲੇ ਵੀ ਕਮਾਲ ਕਰੀ ਜਾਂਦੇ ਆ, ਮਾੜਾ ਜਿਹਾ ਥੁੱਕ, ਟੱਟੀ, ਪਿਸ਼ਾਬ ਜਾਂ ਖੂਨ ਟੈਸਟ ਕਰਵਾਉਣਾ ਹੋਵੇ ਤਾਂ ਬੰਦੇ ਦੀ ਛਿੱਲ ਲਾਹ ਲੈਣਗੇ ਤੇ ਖੱਪਤਕਾਰਾਂ ਦੇ ਟੈਸਟ ਮੁਫ਼ਤ ਕਰਦੇ ਨੇ? ਅੱਛਾ, ਇਹ ਦੱਸ ਬਈ ਸ਼ਕਾਇਤ ਕਿੱਥੇ ਤੇ ਕਿਵੇਂ ਕਰੀਦੀ ਆ?

ਭਾਨਾ : ਮੈਨੂੰ ਉਨ੍ਹਾਂ ਦੱਸਿਆ ਸੀ ਕਿ ਅਧਿਕਾਰਿਤ ਖੇਤਰ ਵਿਚ ਚੀਜ਼ ਦੀ ਕੀਮਤ ਅਨੁਸਾਰ ਸ਼ਕਾਇਤਾਂ ਨਿਰਧਾਰਿਤ ਏਜੰਟ ਜਾਂ ਨਿੱਜੀ ਤੌਰ ਤੇ ਬਿਨਾਂ ਕਿਸੇ ਕੋਰਟ ਫੀਸ ਤੇ ਵਕੀਲ ਤੋਂ ਖੁਦ ਜਾਂ ਰਜਿਸਟਰੀ ਰਾਹੀਂ ਕੀਤੀਆਂ ਜਾ ਸਕਦੀਆਂ ਹਨ। ਖਪਤਕਾਰਾਂ ਨੂੰ ਸਹਾਇਤਾ ਜ਼ਰੂਰ ਮਿਲਦੀ ਏ।

ਰੌਣੀ : ਸਹਾਇਤਾ ਨੂੰ ਕਿਹੜਾ ਉਹਨਾਂ ਕਾਰੂੰ ਦਾ ਖ਼ਜ਼ਾਨਾ ਦੁਆ ਦੇਣਾ।

ਭਾਨਾ : ਨਹੀਂ ਬਈ ਸੁਣ ਤਾਂ ਸਹੀ...! ਫੋਰਮ ਦੁਆਰਾ ਦੱਸੇ ਅਨੁਸਾਰ ਸਹੂਲਤਾਂ ਇੱਕ ਜਾਂ ਵੱਧ ਦੇਣ ਲਈ ਹੁਕਮ ਕੀਤਾ ਜਾਂਦਾ ਏ। ਜਿਵੇਂ ਕਿ ਵਸਤਾਂ ਦੇ ਨੁਕਸ ਦੂਰ ਕਰਨਾ, ਵਸਤਾਂ ਬਦਲ ਦੇਣਾ, ਅਦਾ ਕੀਤੀ ਰਕਮ ਮੋੜਨਾ, ਹੋਏ ਨੁਕਸਾਨ ਜਾਂ ਵੱਜੀ ਸੱਟ ਲਈ ਮੁਆਵਜ਼ਾ ਦੁਆਉਣਾ....।

ਰੌਣੀ : ਤੇ ਜੇ ਅਗਲੇ ਨੇ ਕੇਸ ਉਤੇ ਠੋਕਤਾ ਫਿਰ...?

ਭਾਨਾ : ਹਾਂ, ਜ਼ਿਲ੍ਹਾ ਫੋਰਮ ਵਿਰੁੱਧ 30 ਦਿਨਾਂ ਦੇ ਅੰਦਰ ਰਾਜ ਜਾਂ ਰਾਸ਼ਟਰੀ ਕਮਿਸ਼ਨ ਕੋਲ ਅਪੀਲ ਕੀਤੀ ਜਾ ਸਕਦੀ ਹੈ ਤੇ ਅਪੀਲ ਲਈ ਕੋਈ ਕੋਰਟ ਫ਼ੀਸ ਨਹੀਂ ਲਗਦੀ।

ਰੌਣੀ : ਗੱਲ ਤੇ ਲਾਗੂ ਹੋਣ ਦੀ ਆ ਨਾ, ਜੇ ਇਸ ਕਾਨੂੰਨ ਦੀ ਸਹੀ ਵਰਤੋਂ ਹੋਵੇ ਤਾਂ ਖੱਪਤਕਾਰਾਂ ਦਾ ਮਿਲਾਵਟ, ਲੁੱਟ-ਖਸੁੱਟ ਤੇ ਠੱਗੀ ਤੋਂ ਕੁਝ ਨਾ ਕੁਝ ਬਚਾਅ ਤਾਂ ਜ਼ਰੂਰ ਹੋ ਸਕਦੈ ਪਰ ਇਹ ਲਾਗੂ ਹੋਵੇ ਤਾਂਹੀ ਏ ਨਾ?

ਭਾਨਾ : ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਏ ਕਿ ਆਪੋ ਆਪਣੇ ਇਲਾਕਿਆਂ ਵਿਚ ਅਜਿਹੀਆਂ ਸੰਸਥਾਵਾਂ ਬਣਾਉਣ ਜਾਂ ਸ਼ਿਕਾਇਤਾਂ ਦਾ ਨਿਪਟਾਰਾ ਸਮੇਂ ਸਿਰ ਕਰਵਾਉਣ ਲਈ ਕਾਰਵਾਈ ਕਰਕੇ ਜ਼ਿਲ੍ਹਾ ਫੋਰਮ ਤੋਂ ਸਹਾਇਤਾ ਪ੍ਰਾਪਤ ਕਰਨ। ਇਸ ਐਕਟ ਦਾ ਲਾਭ ਤਾਂ ਹੀ ਲੋਕਾਂ ਨੂੰ ਹੋਵੇਗਾ ਜੇ ਨਿੱਤ ਪ੍ਰਤੀਦਿਨ ਵੱਧਦੀ ਮਹਿੰਗਾਈ, ਮਿਲਾਵਟੀ ਚੀਜ਼ਾਂ ਦੀ ਵੇਚ, ਘੱਟ ਮਾਪ-ਤੋਲ ਵਰਗੀਆਂ ਕੁਰੀਤੀਆਂ ਦੀ ਵਧ ਰਹੀ ਰਫਤਾਰ ਨੂੰ ਨੱਥ ਪਾਉਣ ਲਈ ਮਿਲ ਕੇ ਹੰਭਲਾ ਮਾਰਨ। ਇਹਦੇ ਵਾਸਤੇ ਲੋਕ ਲਹਿਰ ਪੈਦਾ ਕੀਤੀ ਜਾਣੀ ਚਾਹੀਦੀ ਏ।

ਰੌਣੀ : ਲੋਕ ਲਹਿਰਾਂ ਪੈਦਾ ਈ ਧੱਕੇਸ਼ਾਹੀ 'ਚ ਹੁੰਦੀਆਂ ਨੇ। ਯਾਰ ਇਹ ਤੂੰ ਬਹੁਤ ਵਧੀਆ ਜਾਣਕਾਰੀ ਦਿੱਤੀ ਆ। ਸਾਰੇ ਲੋਕਾਂ ਨੂੰ ਚਾਹੀਦਾ ਏ ਕਿ ਇਸ ਕੰਮ ਲਈ ਪੂਰਾ ਸਹਿਯੋਗ ਦੇਣ ਤੇ ਇਹਦੀ ਜਾਗ੍ਰਤੀ ਪਿੰਡ-ਪਿੰਡ, ਗਲੀ-ਗਲੀ, ਮੁਹੱਲੇ-ਮੁਹੱਲੇ ਪਹੁੰਚਾਉਣ, ਤਾਂ ਹੀ ਇਹਨਾਂ ਧੋਖੇਬਾਜ਼ਾਂ ਦੀ ਢਿੰਬਰੀ ਟੈਟ ਕੀਤੀ ਜਾ ਸਕਦੀ ਏ।

ਭਾਨਾ : ਮੈਨੂੰ ਤੇ ਆਪ ਪਹਿਲਾਂ ਨਹੀਂ ਸੀ। ਪਤਾ ਮੇਰੀਆਂ ਹੁਣ ਅੱਖਾਂ ਖੁੱਲ੍ਹ ਗਈਆਂ ਈ। ਪਹਿਲਾਂ ਮੈਂ ਐਵੇਂ ਹੀ ਆਪਣੀ ਪੂਰੋ ਨਾਲ ਲੜੀ ਜਾਦਾ ਸਾਂ। ਹੁਣੇ ਜਾ ਕੇ ਉਹਨੂੰ ਵੀ ਦੱਸਦਾਂ।

ਰੌਣੀ : ਓਏ ਜਾਹ ਦੌੜ ਜਾਹ...! ਤੇਰੀ ਪੂਰੋ ਆਉਂਦੀ ਓ...ਔਹ ਵੇਖ!

ਪੂਰੋ : ਤੂੰ ਕੀ ਇੱਥੇ ਖੜੋਤਾ ਸੰਘ ਪਾੜੀ ਜਾਂਦਾ ਏਂ? ਤੇਰਾ ਘਰ-ਬਾਹਰ ਇਹੀ ਹਾਲ ਹੁੰਦਾ ਏ?

ਭਾਨਾ : ਕਮਲੀਏ! ਮੈਂ ਤੇ ਸ਼ਹਿਰੋਂ ਤੇਰੇ ਸੌਦੇ ਦਾ ਕੇਸ ਕਰਕੇ ਮੁਆਵਜ਼ਾ ਲੈ ਕੇ ਆਇਆਂ।

ਪਾਰੋ : ਐਵੇਂ ਨਾ ਫੈਂਟਰ ਮਾਰੀ ਜਾ, ਵੱਡਾ ਥਾਣੇਦਾਰ!

ਭਾਨਾ : ਓਏ ਕਮਲੀਏ! ਆਪਾਂ ਕਿਸੇ ਤੋਂ ਘੱਟ ਆਂ...? ਖੱਪਤਕਾਰ ਸੁਰੱਖਿਆ ਫੋਰਮ ਨੇ ਸੂਬੇਦਾਰ ਦੀ ਨੂੰਹ ਵਾਲਾ ਕੇਸ ਵੀ ਹੱਲ ਕਰ ਦਿੱਤਾ ਏ, ਨਾਲੇ ਸਾਡੇ ਸਾਰੇ ਮਸਲੇ ਹੱਲ ਕਰ ਦਿੱਤੇ ਨੇ...ਉਹਨਾਂ ਦੁਕਾਨਦਾਰਾਂ ਨੂੰ ਨੋਟਿਸ ਭੇਜ ਕੇ ਆਪਣੇ ਸੌਦੇ ਦਾ ਮੁਆਵਜ਼ਾ ਵੀ ਦਿਵਾ ਦਿੱਤਾ ਏ....ਨਾਲੇ ਆਹ ਵੇਖ ਤੇਰਾ ਨਵਾਂ ਸੂਟ!

ਪੂਰੋ : ਹੈਂਅ...!

ਭਾਨਾ : ਹਾਂ! *(ਫਰੀਜ਼ ਹੁੰਦੇ ਹਨ)*

*(ਫੇਡ ਆਊਟ)*

*ਸਮਾਪਤ*

# ਪੁਕਾਰ

ਪਾਤਰ:

1. ਬਿੰਦਰ
2. ਗਰੀਬੂ
3. ਰਾਜੂ
4. ਰਾਣੋ
5. ਪਿਓ
6. ਟੀਚਰ
7. ਸੇਠ
8. ਚਾਚਾ ਲੱਭੂ

# ਪੁਕਾਰ

## ਝਾਕੀ ਪਹਿਲੀ

*(ਨਾਟਕ ਸ਼ੁਰੂ ਹੋਣ ਤੇ ਸਾਰੇ ਬੱਚੇ ਇਕ ਗੀਤ ਦੇ ਨਾਲ ਨੱਚਦੇ ਟੱਪਦੇ ਹੋਏ ਸਟੇਜ 'ਤੇ ਪ੍ਰਵੇਸ਼ ਕਰਦੇ ਹਨ, ਗੀਤ ਤੋਂ ਤੁਰੰਤ ਬਾਅਦ ਕੋਈ ਖੇਡ ਜਿਵੇਂ ਕੋਟਲਾ ਛਪਾਕੀ ਆਦਿ ਖੇਡਦੇ ਹਨ। ਖੇਡਣ ਦਰਮਿਆਨ ਬਿੰਦਰ ਦਾ ਪਿਤਾ ਉਸ ਨੂੰ ਆਵਾਜ਼ ਮਾਰਦਾ ਹੈ।)*

ਪਿਓ : ਬਿੰਦਰਾ, ਓ ਬਿੰਦਰਾ! *(ਬਿੰਦਰ ਖੇਡ ਵਿਚ ਮਸਤ ਹੈ)* ਬਿੰਦਰਾ...(ਕੋਲ ਆ ਕੇ ਥੱਪੜ ਜੜ੍ਹ ਕੇ) ਮੈਂ ਘੰਟੇ ਦਾ ਕੁੱਤੇ ਵਾਂਗੂੰ ਭੌਂਕੀ ਜਾ ਰਿਹਾਂ, ਤੇਰਿਆਂ ਕੰਨਾਂ 'ਚ ਤੇਲ ਪਾਇਆ ਹੋਇਐ? ਖੇਡਾਂ ਖੇਡਦਾ ਵੱਡਾ ਖਿਡਾਰੀ! ਚੱਲ... ਮੈਂ ਬਣਾਉਂਦਾ ਤੈਨੂੰ ਕਪਤਾਨ! *(ਹੋਰ ਮਾਰਦਾ ਹੈ)।*

ਬਿੰਦਰ : *(ਰੋਂਦਾ ਹੋਇਆ। )* ਬਾਪੂ ਖੇਡ ਲੈਣ ਦੇ ਮੈਨੂੰ, ਮੈਂ ਖੇਡੂੰਗਾ।

ਪਿਓ : ਬੰਦੇ ਦਾ ਪੁੱਤ ਬਣ ਕੇ ਘਰ ਨੂੰ ਤੁਰ ਪੈ। ਅਜੇ ਪੱਠੇ ਕੁਤਰਨ ਵਾਲੇ ਪਏ ਨੇ। ਡੰਗਰ ਸਵੇਰ ਦੇ ਭੁੱਖਣ-ਭਾਣੇ ਕਿੱਲਿਆਂ 'ਤੇ ਬੱਝੇ ਨੇ। ਤੈਨੂੰ ਖੇਡਣ ਦੀ ਪਈ ਏ? ਕਦੇ ਨਵਾਬ ਪੜ੍ਹਨ ਲੱਗ ਪੈਂਦਾ, ਕਦੇ ਖੇਡਣ ਲੱਗ ਪੈਂਦਾ। ਹੋਰ ਕੋਈ ਕੰਮ ਨਹੀਂ ਉਏ ਤੈਨੂੰ?

ਬਿੰਦਰ : ਬਾਪੂ, ਮੈਂ ਤਾਂ ਪੜ੍ਹੂੰ ਵੀ ਤੇ ਨਾਲ ਖੇਡੂੰਗਾ ਵੀ।

ਪਿਓ : ਸਾਲਿਆ, ਪੜ੍ਹ ਕੇ ਤੂੰ ਤਸੀਲਦਾਰ ਲੱਗਣੈਂ ਉਏ, ਆਰਾਮ ਨਾਲ ਘਰ ਕੰਮ ਕਰਿਆ ਕਰ।

ਬਿੰਦਰ : ਬਾਪੂ ਅੱਜ ਨਾ ਭੈਣਜੀਆਂ ਕਹਿੰਦੀਆਂ ਸੀ, ਕੱਲ੍ਹ ਵਰਦੀ ਨਵੀਂ ਪਾ ਕੇ ਆਇਓ।

ਪਿਓ : ਵਰਦੀ ਨਵੀਂ ਪਾ ਕੇ ਆਇਓ...! ਸਾਡੇ ਟਰੱਕ ਚਲਦੇ ਨੇ? ਇਹਨਾਂ ਮਾਸਟਰਾਂ ਤੇ ਭੈਣਜੀਆਂ ਨੂੰ ਜੁਆਕ ਵਿਗਾੜਨ ਤੋਂ ਬਿਨਾਂ ਹੋਰ ਕੋਈ ਕੰਮ ਹੀ ਨਹੀਂ।

ਬਿੰਦਰ : ਬਾਪੂ! ਬਾਪੂ ਬਣ ਕੇ ਇੱਕ ਬੈਟ ਲੈ ਦੇ!...ਮੈਂ ਕ੍ਰਿਕਟ ਖੇਡਿਆਂ ਕਰੂੰ।

ਪਿਓ : ਬੈਟ ਆਪਣੀ ਮਾਂ ਦੇ ਸਿਰ 'ਚ ਮਾਰਨਾ ਏ ਤੂੰ? ਬਹੁਤਾ ਔਖਾ ਏਂ ਤਾਂ ਇੱਕ ਬੱਕਰੀ ਲੈ ਦਿੰਨਾਂ, ਉਹਨੂੰ ਪੱਠੇ ਪਾਇਆ ਕਰ, ਜਦੋਂ ਸੂਈ ਦੁੱਧ ਦਿਆ ਕਰੂ, ਨਾਲੇ ਸਾਲ ਨੂੰ ਪਠੋਰਿਆਂ ਦੇ ਪੈਸੇ ਵੱਟ ਲਵਾਂਗੇ। ਅੱਜ ਤੋਂ ਤੇਰਾ ਪੜ੍ਹਨਾ ਲਿਖਣਾ ਬੰਦ!

ਬਿੰਦਰ : ਨਹੀਂ ਬਾਪੂ, ਮੈਂ ਤਾਂ ਪੜ੍ਹਾਂਗਾ!

ਪਿਓ : ਪੜ੍ਹੇਂਗਾ ਤੂੰ? ਹੈਂ?

ਬਿੰਦਰ : ਹਾਂ ਮੈਂ ਤੇ ਪੜ੍ਹਾਂਗਾ।

*(ਪਿਓ ਬਿੰਦਰ ਦੇ ਪਿੱਛੇ ਪਿੱਛੇ ਦੌੜਦਾ ਹੈ, ਸਟੇਜ 'ਤੇ ਇਕੋ-ਦੋ ਚੱਕਰ ਲਗਾਉਂਦੇ ਹਨ। ਪਿਓ ਡਿਗਦਾ ਹੈ।)*

ਬਿੰਦਰ : ਬਾਪੂ ਦੀ ਡੋਂ-ਡੋ। ਬਾਪੂ ਡਿੱਗ ਪਿਆ। *(ਦੂਜੇ ਪਾਸਿਉਂ ਚਾਚਾ ਲੱਭੂ ਆਉਂਦਾ ਹੈ। )*

ਚਾਚਾ ਲੱਭੂ : ਕੀ ਗੱਲ ਹੋ ਗਈ ਬੰਤਾ ਸਿੰਹਾਂ, ਕਿਉਂ ਜੁਆਕ ਦੇ ਪਿੱਛੇ ਪਿਆ ਏਂ?

ਬਿੰਦਰ : *(ਦੌੜ ਕੇ ਚਾਚੇ ਲੱਭੂ ਕੋਲ ਜਾਂਦਾ ਹੈ)* ਚਾਚਾ ਬਚਾਈਂ (ਲੱਭੂ ਦੇ ਪਿੱਛੇ ਲੁਕਦਾ ਹੈ।)

ਚਾਚਾ ਲੱਭੂ : ਕਿਉਂ ਜੁਆਕ ਨੂੰ ਮਾਰਦਾ ਏਂ? ਕੀ ਖ਼ੁਨਾਮੀ ਹੋ ਗਈ ਏ ਇਸ ਮਾਸੂਮ ਕੋਲੋਂ?

ਪਿਓ : ਇਹਦੇ ਤੋਂ ਪੁੱਛ।

ਚਾਚਾ ਲੱਭੂ : ਛਿੱਤਰ ਹੱਥ 'ਚ ਤੂੰ ਫੜਿਆ, ਇਹਦੇ ਤੋਂ ਕੀ ਪੁੱਛਾਂ?

ਪਿਓ : ਮੈਂ ਇਹਨੂੰ ਕਿਹਾ ਬਈ ਕੱਲ੍ਹ ਤੋਂ ਤੇਰਾ ਸਕੂਲ ਜਾਣਾ ਬੰਦ... ਤੇ ਇਹ ਅੱਗੋਂ ਕਹਿੰਦਾ ਮੈਂ ਪੜ੍ਹਾਂਗਾ...ਨਾ ਤੂੰ ਹੀ ਦੱਸ ਬਈ ਇਨ੍ਹਾਂ ਪੜ੍ਹਾਈਆਂ ਨੇ ਸਾਨੂੰ ਕੀ ਦੇਣਾ? ਸਿਆਣੇ ਕਹਿੰਦੇ ਨੇ: 'ਰੰਬਾ ਤੇ ਮੁੰਡਾ ਚੰਡਿਆ ਈ ਚੰਗਾ ਰਹਿੰਦਾ।'

ਚਾਚਾ ਲੱਭੂ : ਓਏ ਪੜ੍ਹ-ਲਿਖ ਕੇ ਬੰਦਾ ਬਾਬੂ ਬਣ ਜਾਂਦਾ ਹੈ ਤੇ ਜ਼ਿਆਦਾ ਪੜ੍ਹ ਲਵੇ ਨਾ ਤਾਂ ਅਫ਼ਸਰ ਲਗ ਜਾਂਦਾ, ਜੇ ਹੋਰ ਜ਼ਿਆਦਾ ਪੜ੍ਹ ਲਵੇ ਤਾਂ...

ਪਿਓ : ਰੁੜ੍ਹ ਜਾਂਦਾ। ਨਾ ਤੂੰ ਇਹ ਦੱਸ ਬਈ ਜਿਹੜੇ ਇਹ ਮੰਤਰੀ ਨੇ, ਇਹ ਕਿਤੇ ਪੜ੍ਹੇ-ਲਿਖੇ ਨੇ।

ਚਾਚਾ ਲੱਭੂ : ਨਹੀਂ ਇਹਨਾਂ 'ਚੋਂ ਬਹੁਤੇ ਤਾਂ ਸਾਡੇ ਵਰਗੇ ਅੰਗੂਠਾ-ਛਾਪ ਈ ਨੇ। ਪਰ ਵੇਖ ਲੈ, ਇਹਨਾਂ ਦੇ ਅੱਗੇ ਪਿੱਛੇ ਬੀ.ਏ., ਐਮ.ਏ. ਪੜ੍ਹੇ ਅਫ਼ਸਰ ਤੁਰੇ ਫਿਰਦੇ ਨੇ। ਬੜੀ ਗੱਲ ਹੁੰਦੀ ਏ ਮੰਤਰੀਆਂ ਦੀ।

ਪਿਓ : ਨਾ ਜੇ ਪੜ੍ਹ-ਲਿਖ ਕੇ ਵੀ ਅਨਪੜ੍ਹ ਮੰਤਰੀਆਂ ਦਾ ਗੋਲਪੁਣਾ ਈ ਕਰਨਾ ਏ ਤਾਂ ਉਹਦੇ ਨਾਲੋਂ ਚੰਗਾ ਏ ਬੰਦਾ ਅਨਪੜ੍ਹ ਰਹਿ ਕੇ ਮੰਤਰੀ ਮੁੰਤਰੀ ਬਣ ਜਾਵੇ।

ਚਾਚਾ ਲੱਭੂ : ਤੇ ਫਿਰ ਤੂੰ ਵੀ ਅਨਪੜ੍ਹ ਏ, ਤੂੰ ਕਿਉਂ ਨਹੀਂ ਬਣ ਗਿਆ ਮੰਤਰੀ? ਇਹ ਤੇ ਤੁੱਕਾ ਲੱਗਣ ਦੀ ਗੱਲ ਏ! ਚੱਲ...ਖ਼ੈਰ! ਹੁਣ ਨਾ ਮਾਰੀਂ। ਨਾਲੇ ਕੱਲ੍ਹ ਤੋਂ ਸਕੂਲੇ ਘੱਲਿਆ ਕਰ ਮੁੰਡੇ ਨੂੰ। ਤੇਰੇ ਡੰਗਰਾਂ ਨੂੰ ਵੇਲੇ-ਕੁਵੇਲੇ ਪੱਠੇ ਮੈਂ ਪੁਆ ਦਿਆ ਕਰੂੰ, ਨਾਲੇ ਚਾਹ ਘੁੱਟ ਪੀ ਆਇਆ ਕਰੂੰ। ਐਵੇਂ ਮੁੰਡੇ ਤੇ ਜ਼ੁਲਮ ਨਾ ਕਰਿਆ ਕਰ, ਬਿਨਾਂ ਮਤਲਬ ਤੋਂ ਕੁੱਟੀ ਜਾਂਦਾ ਏਂ ਜੁਆਕ ਨੂੰ!

ਪਿਓ : ਲੱਭੂ ਸਿਹਾਂ, ਸਿੱਖਿਆ ਦੇਣੀ ਬੜੀ ਸੌਖੀ ਏ, ਪਤਾ ਉਦੋਂ ਲੱਗਦਾ ਏ ਜਦੋਂ ਸਿਰ ਪਵੇ। ਤੂੰ ਐਵੇਂ ਨਾ ਮੱਤ ਦੇ ਮੈਨੂੰ, ਵੱਡਾ ਆ ਗਿਆ ਮੋਹਤਬਰ!

ਚਾਚਾ ਲੱਭੂ : ਭਰਾਵਾ, ਮੈਂ ਕਾਹਦਾ ਮੋਹਤਬਰ ਆਂ...ਮੋਹਤਬਰ ਤੇ ਤੂੰ ਏਂ, ਜਿਹੜਾ ਅਧੀਆ ਅੰਦਰ ਸੁੱਟੀ ਫਿਰਦਾ ਏਂ। ਮੈਂ ਘਰ ਗਿਆ ਸਾਂ, ਭਾਬੀ ਦੱਸਦੀ ਸੀ ਕਿ ਤੂੰ ਸ਼ਰਾਬ ਨਾਲ ਰੱਜ ਕੇ ਮਾਂ-ਪੁੱਤ ਦੋਹਾਂ ਨੂੰ ਕੁੱਟਦਾ ਏਂ। ਵੇਖ...! ਇਹ ਬੜੀ ਮਾੜੀ ਗੱਲ ਏ, ਨਾਲੇ ਪੈਸਿਆਂ ਦਾ ਉਜਾੜਾ, ਨਾਲੇ ਘਰ ਕਲੇਸ਼। ਇਹਦੇ ਨਾਲ ਜੁਆਕਾਂ ਤੇ ਮਾੜਾ ਅਸਰ ਪੈਂਦਾ ਏ।

ਪਿਓ : ਆਹੋ ਪੈਂਦਾ ਏ ਮਾੜਾ ਅਸਰ! ਤੂੰ ਅਰਾਮ ਨਾਲ ਬਹਿ ਵੱਡਾ ਸਿੱਖਿਆ ਮੰਤਰੀ! ਆ ਗਿਆ ਮੈਨੂੰ ਸਿੱਖਿਆ ਦੇਣ!

ਚਾਚਾ ਲੱਭੂ : ਚੰਗਾ, ਤੈਨੂੰ ਇਹਦਾ ਨਤੀਜਾ ਬਾਅਦ 'ਚ ਪਤਾ ਲੱਗੂ। ਚੱਲ ਬਿੰਦਰਾ, ਤੈਨੂੰ ਘਰ ਛੱਡ ਆਵਾਂ। ਜੇ ਅੱਜ ਤੋਂ ਬਾਅਦ ਤੂੰ ਮਾਂ-ਪੁੱਤ ਨੂੰ ਹੱਥ ਲਾਇਆ ਨਾ, ਤਾਂ ਮੈਂ ਸਰਪੰਚ ਨੂੰ ਲੈ ਕੇ ਆਊਂ ਆਪ, ਫੇਰ ਵੇਖੀਂ... ਤੇਰਾ ਕਿਵੇਂ ਜਲੂਸ ਕੱਢਦੇ ਆਂ ਪਿੰਡ 'ਚ!

ਪਿਓ : ਮੈਂ ਨਹੀਂ ਮਾਰਦਾ ਭਰਾ ਹੁਣ, ਅੱਜ ਤੋਂ ਬਾਅਦ ਮੇਰੀ ਸ਼ਰਾਬ ਵੀ ਬੰਦ। ਤੇਰੇ ਬੱਚੇ ਜੀਣ!

ਚਾਚਾ ਲੱਭੂ : ਨਾਲੇ ਨਿਆਣਿਆਂ ਦੀ ਸਿਹਤ ਦਾ ਵੀ ਖ਼ਿਆਲ ਰੱਖਿਆ ਕਰੋ। ਵੇਖ... ਕਿਵੇਂ ਰੰਗ ਪੀਲਾ ਹੋਇਆ ਪਿਆ ਬਿੰਦਰ ਦਾ! ਇਹਨੂੰ ਹਰੀਆਂ ਸਬਜ਼ੀਆਂ ਖੁਆਇਆ ਕਰ, ਨਾਲੇ ਹਸਪਤਾਲੋਂ ਤਾਕਤ ਦੀ ਦੁਆਈ ਵੀ ਲਿਆ ਕੇ ਖੁਆ।
*(ਸਟੇਜ ਤੋਂ ਬਾਹਰ ਜਾਂਦੇ ਹਨ। ਬੱਚੇ ਸਹਿਮੇ ਹੋਏ ਫੇਰ ਸਟੇਜ 'ਤੇ ਆਉਂਦੇ ਹਨ। ਇਸ ਦੌਰਾਨ ਬੱਚੇ ਵਿਸ਼ੇਸ਼ ਕੰਪੋਜੀਸ਼ਨਾਂ ਵਿਚ ਸੈੱਟ ਦਾ ਹਿੱਸਾ ਬਣਾ ਕੇ ਵੀ ਸਟੇਜ ਤੇ ਹੋ ਸਕਦੇ ਹਨ। )*

ਰਾਜੂ : ਚ-ਚ-ਚ--ਬੜਾ ਮਾਰਿਆ ਵਿਚਾਰੇ ਬਿੰਦਰ ਨੂੰ!
*(ਗਰੀਬੂ ਡੁਸਕਦਾ ਹੈ)* ਤੈਨੂੰ ਕੀ ਹੋਇਆ? ਤੂੰ ਕਿਉਂ ਡੁਸਕੀ ਜਾਂਦਾ ਏਂ?

ਗਰੀਬੂ : ਇਹਨੂੰ ਵੇਖ ਕੇ ਮੈਨੂੰ ਆਪ ਨੂੰ ਪਈ ਹੋਈ ਕੁੱਟ ਚੇਤੇ ਆ ਗਈ।

ਰਾਜੂ : ਤੈਨੂੰ ਕਿਸਨੇ ਕੁੱਟਿਐ? ਦੱਸ ਕਿਹੜੀ ਗੱਲੋਂ?

ਰਾਣੋ : ਹਾਂ, ਦੱਸ ਵੀਰੇ! ਕੀਹਨੇ ਕੁੱਟਿਆ ਤੈਨੂੰ?

ਗਰੀਬੂ : ਜੇ ਇਕ ਵਾਰ ਕੁੱਟਿਆ ਹੋਵੇ ਤਾਂ ਏਂ। ਇਹ ਤੇ ਰੋਜ਼ ਦੀ ਹੀ ਗੱਲ ਹੋ ਗਈ ਏ ਹੁਣ। ਪਰ ਉਸ ਦਿਨ ਮੇਰੇ ਮਾਲਕ ਨੇ ਮੈਨੂੰ ਚੰਗਾ ਫੈਂਟਾ ਚਾੜ੍ਹਿਆ। ਮੇਰਾ ਮਾਲਕ ਮੈਨੂੰ ਹਰ ਵੇਲੇ ਕਿਸੇ ਨਾ ਕਿਸੇ ਕੰਮ ਲਾਈ ਰੱਖਦਾ ਸੀ। ਕੜਾਕੇ ਦੀ ਠੰਡ ਵਿਚ ਮੈਂ ਫ਼ਰਸ਼ਾਂ 'ਤੇ ਪੋਚੇ ਲਾਉਂਦਾ, ਬਰਤਨ ਸਾਫ਼ ਕਰਦਾ, ਜਿਹੜਾ ਕੰਮ ਮੈਨੂੰ ਕਦੇ ਵੀ ਚੰਗਾ ਨਹੀਂ ਸੀ ਲੱਗਦਾ ਪਰ ਘਰ ਦੀ ਮਜਬੂਰੀ, ਚਾਰ ਭੈਣਾਂ ਦਾ ਮੈਂ ਇਕੱਲਾ ਭਰਾ ਹਾਂ। ਮਾਪਿਆਂ ਪੁੱਤਰ ਲੱਭਦਿਆਂ ਲੱਭਦਿਆਂ ਪਰਿਵਾਰ ਵੱਡਾ ਕਰ ਲਿਆ। ਬਾਪੂ ਜੋ ਕਾਰਖ਼ਾਨੇ 'ਚੋਂ ਕਮਾਉਂਦਾ, ਜੂਆ ਖੇਡ ਛੱਡਦਾ ਜਾਂ ਲਾਟਰੀਆਂ 'ਚ ਗੁਆ ਦਿੰਦਾ। ਮਾਂ ਵਿਚਾਰੀ ਲੋਕਾਂ ਦੇ ਘਰ ਕੰਮ ਕਰਕੇ ਬੱਚਿਆਂ ਦੇ ਮੂੰਹ ਬੁਰਕੀ ਪਾਉਂਦੀ। ਮੈਂ ਤਨੋ, ਮਨੋ ਮਾਲਕਾਂ ਦਾ ਕੰਮ ਕਰਦਾ...ਪਰ ਇਕ ਦਿਨ....।
*(ਸਟੇਜ ਤੇ ਮਾਲਕ ਆਉਂਦਾ ਹੈ। ਘਰ ਦਾ ਦ੍ਰਿਸ਼। ਬੱਚੇ ਸਟੇਜ 'ਤੇ ਸੈੱਟ ਬਣਾਉਂਦੇ ਹਨ।)*

ਮਾਲਕ : ਗਰੀਬੂ ਓਏ ਗਰੀਬੂ!

ਗਰੀਬੂ : ਹਾਂ ਜੀ, ਸਾਹਬ ਜੀ!

ਮਾਲਕ : ਓਏ ਉਥੇ ਸੈਲਫ 'ਤੇ ਮੇਰੀ ਘੜੀ ਪਈ ਸੀ-ਤੂੰ ਲਈ ਏ?

ਗਰੀਬੂ : ਨਹੀਂ ਸਾਹਬ ਜੀ, ਮੈਂ ਤੇ ਕੱਪੜੇ ਧੋ ਰਿਹਾ ਸਾਂ ਬਾਥਰੂਮ ਵਿਚ।

ਮਾਲਕ : ਦੇਖ...ਬੰਦੇ ਦਾ ਪੁੱਤ ਬਣ ਕੇ ਸੱਚੋ-ਸੱਚ ਦੱਸ , ਨਹੀਂ ਤੇ ਸੱਚ ਬੁਲਵਾਉਣ ਦੇ ਮੈਨੂੰ ਬੜੇ ਤਰੀਕੇ ਆਉਂਦੇ ਨੇ।

ਗਰੀਬੂ : ਸਾਹਬ ਜੀ, ਪ੍ਰਮਾਤਮਾ ਦੀ ਸਹੁੰ, ਮੈਨੂੰ ਘੜੀ ਬਾਰੇ ਕੁਝ ਨਹੀਂ ਪਤਾ।

ਮਾਲਕ : *(ਮਾਲਕ ਇੱਕ ਥੱਪੜ ਮਾਰਦਾ ਹੋਇਆ)* ਨਹੀਂ ਪਤਾ ਤੈਨੂੰ? ਦੱਸ ਕਿੱਥੇ ਰੱਖੀ ਓ ਲੁਕਾ ਕੇ ਮਾਂ ਆਵਦੀ। ਛੇਤੀ ਦੱਸ, ਨਹੀਂ ਤੇ ਭੜਥਾ ਬਣਾ ਦਿਉਂ ਤੇਰਾ। ਬੋਲ! *(ਕੁੱਟੀ ਜਾਂਦਾ ਹੈ)*

ਗਰੀਬੂ : ਤੁਸੀਂ ਮੇਰੀ ਭਾਵੇਂ ਜਾਨ ਕੱਢ ਲਓ, ਜਦ ਮੈਂ ਚੁੱਕੀ ਹੀ ਨਹੀਂ। ਮੈਂ ਸੱਚ ਬੋਲ ਰਿਹਾਂ। ਅਸੀਂ ਗਰੀਬ ਜ਼ਰੂਰ ਹਾਂ, ਪਰ ਚੋਰ ਨਹੀਂ ਹਾਂ ਸਾਹਬ ਜੀ। ਮੈਂ ਚੋਰ ਨਹੀਂ ਹਾਂ।

ਮਾਲਕ : ਮੈਂ ਬੱਚਾ ਸਮਝ ਕੇ ਲਿਹਾਜ਼ ਕਰੀ ਜਾਨਾਂ, ਪਰ ਤੁਸੀਂ ਨੀਚ ਤੇ ਕਮੀਨੇ ਲੋਕ ਆਪਣੀਆਂ ਹਰਕਤਾਂ ਤੋਂ ਬਾਜ਼ ਨਹੀਂ ਆਉਂਦੇ। ਤੁਸੀਂ ਲੋਕ ਜੁੱਤੀ ਤੋਂ ਬਿਨਾਂ ਸੂਤ ਈ ਨਹੀਂ ਆਉਂਦੇ। ਦੱਸ... *(ਕੁੱਟਦਾ ਹੈ)*

*(ਗਰੀਬੂ ਬਾਂਹ ਛੁਡਾ ਕੇ ਦੌੜ ਜਾਂਦਾ ਹੈ, ਸੀਨ ਬਦਲਦਾ ਹੈ। ਫਿਰ ਪਹਿਲਾਂ ਵਾਂਗ ਹੀ ਗਰੀਬੂ ਦੱਸ ਰਿਹਾ ਹੈ)*

ਗਰੀਬੂ : ...ਤੇ ਫਿਰ ਮੈਂ ਉਹਦੇ ਤੋਂ ਬਾਂਹ ਛੁਡਾ ਕੇ ਦੌੜ ਆਇਆ। ਤੇ ਮੈਨੂੰ ਬਾਪੂ ਨੇ ਇੱਕ ਹੋਰ ਘਰ ਵਿਚ ਨੌਕਰ ਰਖਾ ਦਿੱਤਾ। ਤੇ ਜਦੋਂ ਮੈਂ ਬਜ਼ਾਰੋਂ ਸਬਜ਼ੀ ਵਗੈਰਾ ਲੈਣ ਆਉਂਦਾ ਹਾਂ ਤਾਂ ਥੋੜ੍ਹਾ ਚਿਰ ਤੁਹਾਡੇ ਨਾਲ ਖੇਡ ਲੈਂਦਾ ਹਾਂ।

ਰਾਣੀ : ਬੜੀ ਮਾੜੀ ਹੋਈ ਤੇਰੇ ਨਾਲ ਤਾਂ ਫਿਰ।

ਰਾਜੂ : ਗਰੀਬੂ ਤੇਰੀ ਕਹਾਣੀ ਵੀ ਬੜੀ ਦੁਖਦਾਈ ਏ।

ਰਾਣੀ : ਹਾਂ, ਦੁਖਦਾਈ ਤਾਂ ਹੈ ਈ। ਅੱਜ ਨਾ ਸਾਡੇ ਸਕੂਲ ਵਿਚ ਵੀ ਹੰਗਾਮਾ ਖੜ੍ਹਾ ਹੋ ਗਿਆ।

ਰਾਜੂ : ਕਿਉਂ ਕੀ ਹੋਇਆ?

ਰਾਣੀ : ਸਾਡੀ ਕਲਾਸ ਲੱਗੀ ਹੋਈ ਸੀ।

*(ਸਾਰੇ ਬੱਚੇ ਇਕ ਕਲਾਸ ਬਣ ਜਾਂਦੇ ਹਨ ਤੇ ਇਕ ਟੀਚਰ ਬਣ ਕੇ ਪੜ੍ਹਾਉਣ ਲੱਗ ਪੈਂਦਾ ਹੈ)*

ਟੀਚਰ : ਔਰਤ ਜੱਗ ਦੀ ਜਨਣੀ ਹੈ। ਲੜਕੀਆਂ ਨੂੰ ਹਰ ਮੁਸੀਬਤ ਦਾ ਸਾਹਮਣਾ ਝਾਂਸੀ ਦੀ ਰਾਣੀ ਵਾਂਗ ਕਰਨਾ ਚਾਹੀਦਾ ਹੈ। *(ਸਾਰੇ ਪਿੱਛੇ ਪਿੱਛੇ ਬੋਲਦੇ ਹਨ, ਕੁਝ ਚਿਰ ਪੜ੍ਹਾਉਣ ਤੋਂ ਬਾਅਦ ਬੈੱਲ ਵੱਜਦੀ ਹੈ)* ਤੇ ਠੀਕ ਹੈ ਬੱਚਿਓ, ਕਲ੍ਹ ਸਾਰੇ ਹੋਮ-ਵਰਕ ਕਰਕੇ ਆਉਣਾ। ਹੁਣ ਤੁਸੀਂ ਸਾਰੇ ਜਾ ਸਕਦੇ ਹੋ। *(ਸਾਰੇ ਜਾਣ ਲਗਦੇ ਹਨ)* ਰਾਣੀ, ਤੂੰ ਜ਼ਰਾ ਰੁਕ ਕੇ ਜਾਵੀਂ, ਮੈਨੂੰ ਤੇਰੇ ਨਾਲ ਕੰਮ ਹੈ।

ਰਾਣੀ : ਜੀ ਸਰ!

ਟੀਚਰ : ਵੈਰੀ ਗੁੱਡ! ਵੈਰੀ ਸਮਾਰਟ!! ਬਈ ਤੂੰ ਅੱਜਕਲ੍ਹ ਬਹੁਤ ਵਧੀਆ ਪਾਠ ਯਾਦ ਕਰਦੀ ਏ। ਵੈਰੀ ਇੰਟੈਲੀਜੈਂਟ! *(ਟੀਚਰ ਰਾਣੀ ਨੂੰ ਥਾਪੜਾ ਦੇਣ ਦੇ ਬਹਾਨੇ ਨਾਲ ਪੁੱਛਦਾ ਹੈ। ਰਾਣੀ ਸਮਝ ਜਾਂਦੀ ਹੈ ਕਿ ਉਹ ਕੋਈ ਗਲ਼ਤ ਹਰਕਤ ਕਰ ਰਿਹਾ ਹੈ।)* ਬਈ ਤੇਰੀ ਇਹ ਚੁੰਨੀ ਬੜੀ ਸੁਹਣੀ ਏ!

ਰਾਣੀ : ਸਰ ਕੀ ਕਰ ਰਹੇ ਹੋ ਤੁਸੀਂ?

ਟੀਚਰ : ਬਈ ਮੈਂ ਤੇ ਤੇਰੀ ਚੁੰਨੀ ਵੇਖ ਰਿਹਾ ਸਾਂ, ਉਹਦੀ ਤਾਰੀਫ਼ ਕਰ ਰਿਹਾ ਸੀ, ਬੜੀ ਸੁਹਣੀ ਏ ਤੇਰੀ ਚੁੰਨੀ!

ਰਾਣੀ : ਸਰ ਤੁਹਾਡੀ ਬੇਟੀ ਮਨੀਸ਼ਾ ਵੀ ਤਾਂ ਇਸੇ ਸਕੂਲ ਪੜ੍ਹਦੀ ਏ, ਉਹਦੇ ਨਾਲ ਇਸ ਤਰ੍ਹਾਂ...ਉਹਦੀ ਚੁੰਨੀ ਦੀ ਤਾਰੀਫ਼ ਕਿਉਂ ਨਹੀਂ ਕਰਦੇ ਤੁਸੀਂ? ਮੈਂ ਪ੍ਰਿੰਸੀਪਲ ਨੂੰ ਇਸ ਹਰਕਤ ਬਾਰੇ ਦੱਸਾਂਗੀ।

ਟੀਚਰ : ਨਹੀ, ਨਹੀਂ ਰਾਣੀ, ਇਹੋ ਜਿਹੀਆਂ ਛੋਟੀਆਂ-ਮੋਟੀਆਂ ਗੱਲਾਂ ਪ੍ਰਿੰਸੀਪਲ ਨੂੰ ਨਹੀਂ ਦੱਸੀਦੀਆਂ, ਐਵੇਂ ਆਪਣੀ ਬਦਨਾਮੀ ਹੁੰਦੀ ਏ... ਬੀ ਏ ਗੁੱਡ ਗਰਲ... ਓ. ਕੇ. ?

ਰਾਣੀ : ਨਹੀਂ ਸਰ, ਅੱਜ ਤੁਸੀਂ ਇਹ ਹਰਕਤ ਮੇਰੇ ਨਾਲ ਕੀਤੀ ਏ, ਕੱਲ੍ਹ ਕਿਸੇ ਹੋਰ ਨਾਲ ਕਰੋਗੇ। ਤੁਹਾਨੂੰ ਇਹਦਾ ਖਮਿਆਜਾ ਤਾਂ ਭੁਗਤਣਾ ਈ ਪਵੇਗਾ।

ਟੀਚਰ : ਨਹੀਂ ਰਾਣੀ...ਪਲੀਜ਼! ਮੇਰੀ ਇੱਜ਼ਤ ਦਾ ਤਾਂ ਖ਼ਿਆਲ ਕਰ, ਮੇਰੀ ਬੇਇੱਜ਼ਤੀ ਹੋਊ!

ਰਾਣੀ : ਜੇ ਤੁਹਾਨੂੰ ਕਿਸੇ ਦੀ ਇੱਜ਼ਤ ਦਾ ਖ਼ਿਆਲ ਨਹੀਂ ਤਾਂ ਮੈਂ ਕਿਉਂ ਤੁਹਾਡੀ ਇੱਜ਼ਤ ਦਾ ਖ਼ਿਆਲ ਕਰਾਂ? ਉਹ ਦਿਨ ਗਏ ਜਦੋਂ ਤੁਹਾਡੇ ਵਰਗੇ ਟੀਚਰ ਆਪਣੇ ਹੀ ਸਟੂਡੈਂਟਾਂ ਨਾਲ ਗਲਤ ਹਰਕਤਾਂ ਕਰਕੇ ਉਹਨਾਂ ਦਾ ਸੋਸ਼ਣ ਕਰਦੇ ਸਨ...। ਸਰ, ਯੂ ਹੈਵ ਟੂ ਫੇਸ ਦਾ ਪ੍ਰਿੰਸੀਪਲ!

*(ਸੀਨ ਬਦਲਦਾ ਹੈ। ਪਹਿਲੇ ਵਾਲੀ ਜਗ੍ਹਾ ਫਿਰ ਉਸੇ ਤਰ੍ਹਾਂ ਰਾਣੀ ਗੱਲ ਸੁਣਾ ਰਹੀ ਹੈ।)*

ਰਾਣੀ : ਤੇ ਮੈਂ ਉਹਦੀ ਸ਼ਕਾਇਤ ਪ੍ਰਿੰਸੀਪਲ ਨੂੰ ਲਾ ਦਿੱਤੀ ਤੇ ਉਹਦੀ ਬੇਟੀ ਨੂੰ ਵੀ ਦੱਸਿਆ। ਪ੍ਰਿੰਸੀਪਲ ਨੇ ਮੇਰੇ ਹੌਂਸਲੇ ਨੂੰ ਵੇਖ ਮੈਨੂੰ ਸਾਬਾਸ਼ ਦਿੱਤੀ ਤੇ ਟੀਚਰ ਨੂੰ ਤਾੜਨਾ...। ਉਹਨੇ ਲਿਖਤੀ ਮੁਆਫ਼ੀ ਮੰਗੀ ਕਿ ਭਵਿੱਖ ਵਿਚ ਉਹ ਅਜਿਹੀ ਗਲਤੀ ਕਦੇ ਨਹੀਂ ਕਰੇਗਾ।

ਰਾਜੂ : ਇਹ ਕੀਤੀ ਨਾ ਝਾਂਸੀ ਦੀ ਰਾਣੀ ਵਰਗੀ ਗੱਲ! ਪਰ ਮੈਂ ਕੀ ਕਰਾਂ? ਮੈਨੂੰ ਵੀ ਘਰੋਂ ਡਾਂਟ ਪੈਂਦੀ ਰਹਿੰਦੀ ਏ।

ਰਾਣੀ : ਕਿਉਂ?

ਰਾਜੂ : ਡੈਡੀ ਕਹਿੰਦੇ ਨੇ ਕਿ ਤੈਨੂੰ ਡਾਕਟਰ ਬਣਾਉਣਾ ਏ। ਹਰ ਵੇਲੇ ਪੜ੍ਹਾਈ...ਪੜ੍ਹਾਈ...ਪੜ੍ਹਾਈ। ਮੈਨੂੰ ਕਹਿੰਦੇ ਨੇ ਕਿ ਰੱਜ ਕੇ ਪੜ੍ਹ। ਮੈਨੂੰ ਖੇਡਣ ਵੀ ਨਹੀਂ ਦਿੰਦੇ।

ਰਾਣੀ : ਤੂੰ ਆਪਣੀ ਮੰਮੀ ਨੂੰ ਪੁੱਛ ਕੇ ਖੇਡਣ ਆ ਜਾਇਆ ਕਰ।

ਰਾਜੂ : ਉਂਜ ਤਾਂ ਮੈਂ ਅੱਜ ਵੀ ਮੰਮੀ ਤੋਂ ਪੁੱਛ ਕੇ ਖੇਡਣ ਆਇਆਂ, ਪਰ ਮੰਮੀ ਵੀ ਡੈਡੀ ਤੋਂ ਡਰਦੀ ਏ। ਅਖੇ ਜੇ ਉਹਨਾਂ ਨੂੰ ਪਤਾ ਲੱਗ ਗਿਆ ਤਾਂ ਮੈਨੂੰ ਮਾਰਨਗੇ।

ਬਿੰਦਰ : ਇਹ ਤੇ ਬੜੀ ਮਾੜੀ ਗੱਲ ਏ।

ਰਾਜੂ : ਮੈਂ ਸਕੂਲ ਜਾਂਦਾ ਹਾਂ ਤਾਂ ਉਥੇ ਇਤਨਾ ਕੰਮ ਕਰਨਾ ਪੈਂਦਾ ਏ ਕਿ ਦਿਮਾਗ ਤੇ ਬੋਝ ਪਿਆ ਰਹਿੰਦਾ ਏ। ਮੇਰਾ ਬੈਗ ਇੰਨਾ ਭਾਰਾ ਏ ਕਿ ਕਿਤਾਬਾਂ-ਕਾਪੀਆਂ ਨਾਲ ਭਰਿਆ ਮੈਥੋਂ ਚੁੱਕਿਆ ਵੀ ਨਹੀਂ ਜਾਂਦਾ। ਘਰ ਆ ਕੇ ਹੋਮ-ਵਰਕ

ਉਤੋਂ ਟਿਊਸ਼ਨ ਵੱਖਰੀ। ਜਦ ਕਿਤੇ ਸੁਰਖਰੂ ਹੋ ਕੇ ਟੀ.ਵੀ. ਵੇਖਣ ਲੱਗਦਾ ਹਾਂ ਤਾਂ ਪਾਪਾ ਕਿਤਾਬ ਹੱਥ 'ਚ ਫੜਾ ਦੇਣਗੇ, ਅਖੇ ਪੜ੍ਹ। ਮੇਰਾ ਬੜਾ ਜੀਅ ਕਰਦਾ ਏ ਕਿ ਮੈਂ ਤੁਹਾਡੇ ਨਾਲ ਖੇਡਾਂ, ਪਰ ਮੈਨੂੰ ਖੇਡਣ ਹੀ ਨਹੀਂ ਦਿੰਦੇ।

ਬਿੰਦਰ : ਮੈਂ ਤਾਂ ਕਹਿੰਦਾ ਹਾਂ ਕਿ ਆਪਾਂ ਸਾਰਿਆਂ ਨੂੰ ਰਲ ਕੇ ਇਦਦਾ ਕੋਈ ਹੱਲ ਸੋਚਣਾ ਚਾਹੀਦਾ ਏ।

ਚਾਚਾ ਲੱਭੂ : *(ਆਉਂਦਾ ਹੋਇਆ)* ਬਿਲਕੁਲ ਸੋਚਣਾ ਚਾਹੀਦਾ ਏ...ਮੈਂ ਖ਼ੁਦ ਇਸ ਹੱਕ ਵਿਚ ਆਂ। ਅੱਜ ਮੈਂ ਗਿਆ ਸਾਂ ਸ਼ਹਿਰ, ਆਪਣੇ ਬੰਤੇ ਦੇ ਮੁੰਡੇ ਨੇ ਆਪਣੀ ਘਰ ਵਾਲੀ ਦਾ ਅਲਟਰਾ ਸਾਊਂਡ ਕਰਵਾਇਆ ਬਈ ਜੇ ਕੁੜੀ ਹੋਈ ਤਾਂ ਗੱਡੀ ਚੜ੍ਹਾ ਦੇਣਗੇ। ਮਸ਼ੀਨ ਨੇ ਦੱਸਿਆ ਬਈ ਕੁੜੀ ਏ। ਤੇ ਉਹਨਾਂ ਮਾਸੂਮ ਨੂੰ ਦੁਨੀਆਂ ਦੇਖਣ ਤੋਂ ਪਹਿਲਾਂ ਹੀ ਮਾਰ ਛੱਡਿਆ। ਮੈਂ ਤੁਹਾਡੇ ਨਾਲ ਰਲ ਕੇ ਤੁਹਾਡੀ ਆਵਾਜ਼ ਬੁਲੰਦ ਕਰਾਂਗਾ, ਤੁਹਾਡੇ ਹੱਕਾਂ ਲਈ ਲੜਾਂਗਾ। ਆਓ, ਮੇਰੇ ਨਾਲ, ਮੈਂ ਤੇ ਲਵਾ ਦੂੰ ਦਿੱਲੀ-ਲਾਹੌਰ ਦੀਆਂ ਟੱਕਰਾਂ। ਸਮਝਿਆ ਕੀ ਏ ਇਹਨਾਂ ਨੇ ਮੈਨੂੰ...ਆਓ ਮੇਰੇ ਬੱਚਿਓ, ਨਾਅਰਾ ਲਾਓ... 'ਬੱਚਿਆਂ ਤੇ ਜ਼ੁਲਮ ਬੰਦ ਕਰੋ।' ਸਾਰੇ : ਬੰਦ ਕਰੋ! ਬੰਦ ਕਰੋ!

ਚਾਚਾ ਲੱਭੂ : 'ਬੱਚਿਆਂ ਦਾ ਖੇਡਣ ਦਾ ਹੱਕ ਬਹਾਲ ਕਰੋ...'

ਸਾਰੇ : ਬਹਾਲ ਕਰੋ... ਬਹਾਲ ਕਰੋ!!

ਚਾਚਾ ਲੱਭੂ : 'ਬੱਚਿਆਂ ਦਾ ਸੋਸ਼ਣ ਬੰਦ ਕਰੋ...'

ਸਾਰੇ : ਬੰਦ ਕਰੋ...ਬੰਦ ਕਰੋ!!

ਚਾਚਾ ਲੱਭੂ : 'ਭਰੁਣ ਟੈਸਟ ਬੰਦ ਕਰੋ...।'

ਸਾਰੇ : ਬੰਦ ਕਰੋ... ਬੰਦ ਕਰੋ!!

*(ਨਾਅਰੇ ਲਾਉਂਦੇ ਹੋਏ ਸਟੇਜ ਤੋਂ ਮਗਰ ਚਲੇ ਜਾਂਦੇ ਹਨ। )*

(ਫੇਡ ਆਊਟ)

**-ਸਮਾਪਤ-**